ISSN 0972-2335

# ਅੰਮ੍ਰਿਤ ਕੀਰਤਨ



ਪਦਮ ਸ਼੍ਰੀ ਪ੍ਰੋ. ਕਰਤਾਰ ਸਿੰਘ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮਾਰਚ 2021

ਮੁੱਲ 15/-



## ਮੰਗਲਵਾਰ (ਭਾਗ –2)

ਸਭ ਤਾਂਈ ਹੈ ਗਲੇ ਲਗਾ ਲੀਤਾ,
ਗਹਿਮਾ ਗਹਿਮ ਹੋਈ
ਅਲਾਵੰਦਾ ਹਾਂ ।
ਸੱਘਰ ਆਪ ਨੂੰ ਕੋਠੀ ਮਕਾਨ ਦੀ ਸੀ,
ਕਈ ਕੋਠੀਆਂ ਮਕਾਨ
ਬਣਾਵਦਾਂ ਹਾਂ ।
ਮਿਹਰਾਂ ਰੱਬ ਦੀਆਂ ਅਪਾਰ ਬਰਸਨ,
ਨੀਵਾਂ ਹੋ ਕੇ ਉਹਨੂੰ ਧਿਆਵੰਦਾ
ਹਾਂ ।
ਸਭ ਕੁੱਝ ਦਿੱਤਾ ਲੋੜ ਆਪ ਦੀ ਹੈ,
ਥੋੜ ਰਹੇਗੀ ਲਿਖ ਲਿਖਾਵਦਾਂ
ਹਾਂ ।
ਹੁਣ ਰੱਬ ਅੱਗੇ ਅਰਦਾਸ ਮੇਰੀ,

## मंगलवार (भाग–2)

सभ ताई है गले लगा लीता,
गहिमा गहिम होई
अलावंदा हां ।
सधर आप नू कोठी मकान दी सी ,
कई कोठीयां मकान
बणावदां हां ।
मेहरां रब्ब दियां अपार बरसन
नीवां हो के उहनू
घ्यावंदा हां ।
सभ कुझ दिता लोड़ आप दी है,
थोड़ रहेगी लिख
लिखांवदा हां ।
हुण रब्ब आगगे अरदास मेरी,

ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ : 15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**
ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ
(ਫੋਨ :0172-4782705, 98150-72197) ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਮੰਗਲਵਾਰ (ਭਾਗ 2)
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ –
ਯਾਦਾਂ ਰਾਮ ਪੁਰ ਯੂ ਪੀ ਦੀਆਂ 2

ਗੁਰਮਤਿ ਸੰਗੀਤ ਰਚਨਾਕਾਰ ਪ੍ਰੋ. ਕਰਤਾਰ ਸਿੰਘ
ਡਾ. ਗੁਰਨਾਮ ਸਿੰਘ 4

Padam Shri Prof. Kartar Singh: A Legendary Gurmat Musicologist
Dr. A P Singh 'Rhythm 7

ਭਗਤ ਰਵਿਦਾਸ ਬਾਣੀ ਸੰਦੇਸ਼
ਪ੍ਰੋ. ਨਰਿੰਦਰਜੀਤ ਕੌਰ 12

ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ
ਡਾ. ਗੁਰਨਾਮ ਸਿੰਘ 14

ਭਾਈ ਮਰਦਾਨਾ ਜੀ
ਸੁਰਜੀਤ ਸਿੰਘ 'ਦਿਲਾ ਰਾਮ' 17

ਸੁਰ ਲਿਪੀ -ਰਾਗੁ ਕਾਨੜਾ-
ਹਰਭਜਨ ਸਿੰਘ ਚੋਪੜਾ 20

ਸੁਰ ਲਿਪੀ ਵਾਲਾ ਸ਼ਬਦ ਅਤੇ ਅਰਥ ਟਾ-3


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

## ਕਰਉ ਬੇਨੰਤੀਆ

# ਯਾਦਾਂ ਰਾਮ ਪੁਰ ਯੂ ਪੀ ਦੀਆਂ

ਇੱਕ ਦਿਨ ਫੇਸ ਬੁੱਕ ਤੇ ਇੱਕ ਰਾਗੀ ਸਿੰਘ ਭਾਈ ਜਸਵਿੰਦਰ ਸਿੰਘ ਜੀ ਰਾਮਪੁਰ ਵਾਲੇ ਦਾ ਕੀਰਤਨ ਸੁਣਿਆ, ਮੈਨੂੰ ਚੰਗਾ ਲੱਗਾ ਤੇ ਰਾਮ ਪੁਰ ਦੀਆਂ ਯਾਦਾਂ ਮੇਰੇ ਮਨ ਵਿੱਚ ਘੁੰਮਣ ਲੱਗ ਪਈਆਂ। ਭਾਈ ਜਸਵਿੰਦਰ ਸਿੰਘ ਨਾਲ ਗੱਲ ਹੋਈ ਤਾਂ ਉਹਨਾਂ ਦੱਸਿਆ ਕਿ ਰਾਮਪੁਰ ਸਟੇਸ਼ਨ ਤੇ ਉਹਨਾਂ ਦੀ ਚਾਹ ਦੀ ਦੁਕਾਨ ਸੀ।ਇਸ ਤੋਂ ਮੈਨੂੰ ਉੱਥੇ ਰੇਲਵੇ ਰੋਡ ਦੇ ਇੱਕ ਹੋਟਲ 'ਕਰਤਾਰ ਹੋਟਲ' ਦੀ ਯਾਦ ਆਈ ਤਾਂ ਹੋਰ ਬਹੁਤ ਕੁਝ ਵੀ ਚੇਤੇ ਆ ਗਿਆ। ਜਦੋਂ ਮੈਂ ਚੌਥੀ ਜਮਾਤ ਵਿੱਚ ਪੜ੍ਹਦਾ ਸੀ ਤਾਂ ਉਦੋਂ ਤਕ ਅਸੀਂ ਤਿੰਨ ਪਿੰਡ ਬਦਲ ਚੁਕੇ ਸਾਂ ਤੇ ਇਸੇ ਤਰ੍ਹਾਂ ਹੀ ਸਕੂਲ ਵੀ ਬਦਲੇ ਜਾ ਚੁਕੇ ਸਨ।ਸਾਲ 1947 ਦੇ ਉਜਾੜੇ ਜਿਸ ਸਾਲ ਨੂੰ ਬਹੁਤੇ ਭਾਰਤ ਵਾਲੇ ਅਜ਼ਾਦੀ ਦਾ ਸਾਲ ਆਖਦੇ ਹਨ। ਸਾਡੇ ਪਰਿਵਾਰਾਂ ਲਈ ਉਜਾੜੇ ਲੈ ਕੇ ਆਇਆ ਸੀ। ਇਸ ਕਾਰਨ ਜਿਹੜੇ ਲੋਕ ਪਾਕਿਸਤਾਨ ਵੱਲੋਂ ਆਏ ਸਨ ਏਧਰ ਦੀ ਅਫਸਰ ਸ਼ਾਹੀ ਅਤੇ ਰਾਜਨੀਤੀ ਉਹਨਾਂ ਦੇ ਇੱਕ ਥਾਂ ਪੈਰ ਨਹੀਂ ਸੀ ਲੱਗਣ ਦੇ ਰਹੀ। ਸਾਡੀਆਂ ਏਧਰ ਤਹਿਸੀਲ ਰਾਜਪੁਰਾ ਜ਼ਿਲਾ ਪਟਿਆਲਾ ਵਾਲੀਆਂ ਜ਼ਮੀਨਾਂ ਬੰਜਰ ਸਨ। ਇਸ ਲਈ ਪਿਤਾ ਜੀ ਏਧਰ ਦੀ ਜ਼ਮੀਨ ਵੇਚ ਕੇ ਰਾਮ ਪੁਰ ਯੂ ਪੀ ਜ਼ਿਲੇ ਵਿੱਚ ਬਿਲਾਸਪੁਰ ਦੀ ਤਸੀਲ ਦੇ ਪਿੰਡ ਮਾਠਖੇੜਾ ਜਾ ਪੁਜੇ ਤੇ ਉਥੇ 25 ਏਕੜ ਜ਼ਮੀਨ ਖਰੀਦ ਲਈ।ਅੰਬਾਲੇ ਤੋਂ ਰੇਲ ਰਾਹੀਂ ਰਾਮਪੁਰ ਪੁਜਦੇ ਸਾਂ ਤੇ ਉਥੋਂ ਬੱਸ ਲੈ ਕੇ ਬਿਲਾਸਪੁਰ ਤੇ ਅੱਗੋਂ ਪੈਦਲ ਜਾਂ ਸਾਇਕਲਾਂ ਤੇ ਮਾਠਖੇੜੇ ਪੁਜਦੇ ਸਾਂ। ਰਾਮ ਪੁਰ ਰੇਲਵੇ ਰੋਡ ਤੇ ਇਹ 'ਕਰਤਾਰ ਹੋਟਲ' ਸੀ ਅਤੇ ਸ਼ਾਇਦ ਹੁਣ ਵੀ ਹੋਵੇ।ਰੇਲ ਤੋਂ ਉਤਰਦਿਆਂ ਪਹਿਲਾ ਟਿਕਾਣਾ ਇੱਥੇ ਹੀ ਹੁੰਦਾ। ਹੋਟਲ ਦੇ ਮਾਲਕ ਕਰਤਾਰ ਸਿੰਘ ਜੀ ਅਤੇ ਪਿਤਾ ਜੀ ਦਾ ਪਿਆਰ ਸੀ। ਮੈਂ ਉਹਨਾਂ ਨੂੰ ਚਾਚਾ ਜੀ ਕਹਿ ਕੇ ਬੁਲਾਉਂਦਾ ਸਾਂ। ਮੈਂ ਕਈ ਵਾਰੀ ਇੱਕਲਾ ਵੀ ਉਥੇ ਜਾਂਦਾ ਸਾਂ ਤੇ ਕਦੀ ਉਹਨਾਂ ਮੇਰੇ ਤੋਂ ਖਾਣੇ ਦਾ ਪੈਸਾ ਨਹੀਂ ਸੀ ਲਿਆ।ਜਦੋਂ ਕਰਤਾਰ ਸਿੰਘ ਹੋਰਾਂ ਨੂੰ ਪਿਤਾ ਜੀ ਦੇ ਕੀਰਤਨ ਕਰਨ ਦਾ ਪਤਾ ਲੱਗਾ ਤਾਂ ਰਾਮ ਪੁਰ ਦੇ ਦੋ ਸੱਜਣ ਤਬਲੇ ਵਾਲਾ ਤੇ ਇੱਕ ਵਾਜੇ ਵਾਲਾ ਉਹਨਾਂ ਨੂੰ ਦੇ ਦਿੱਤੇ ਤੇ ਰਾਗੀ ਜਥਾ ਬਣਾ ਦਿੱਤਾ। ਸਾਲ 1959-60 ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਤੇ ਕੀਰਤਨ ਕਰਨ ਲਈ ਰਾਮ ਪੁਰ ਦੇ ਗੁਰਦੁਆਰਾ ਸਾਹਿਬਾਨ ਅਤੇ ਉਥੇ ਦੀ ਚੀਨੀ ਮਿਲ ਵਿੱਚ ਕੀਰਤਨ ਬੁੱਕ ਹੋ ਗਏ।ਮੈਂ ਉਦੋਂ ਪੰਜਵੀਂ ਵਿੱਚ ਪੜ੍ਹਦਾ ਸਾਂ। ਦਸੰਬਰ ਵਿੱਚ ਵੱਡੇ ਦਿਨਾਂ ਦੀਆਂ ਛੁਟੀਆਂ ਸਨ। ਪਿਤਾ ਜੀ ਨੇ ਮੈਨੂੰ ਵੀ ਆਪਣੇ ਨਾਲ ਲੈ ਲਿਆ।ਮੈਂ ਰਾਗੀ ਜਥੇ ਦੇ ਪਿੱਛੇ ਬੈਠ ਕੇ ਕੀਰਤਨ ਕਰਦਾ ਸਾਂ।ਰਾਮ ਪੁਰ ਗੁਰਪੁਰਬ ਨੀਯਤ ਮਿਤੀ ਨੂੰ ਮਨਾਇਆ ਗਿਆ ਪਰ ਚੀਨੀ ਮਿੱਲ ਵਿੱਚ ਅਗਲੇ ਹਫਤੇ ਮਨਾਇਆ ਜਾਂਣਾ ਸੀ। ਵਿਚਲੇ ਦਿਨ ਅਸੀ ਬਰੇਲੀ ਚਲੇ ਗਏ ਇੱਥੇ ਗੁਰਦੁਆਰਾ ਪਤਾਸਿਆਂ ਵਾਲੀ ਗਲੀ ਅਤੇ ਗੁਰਦੁਆਰਾ ਕੁਹਾੜਾਪੀਰ ਵਿੱਚ ਕੀਰਤਨ ਕੀਤਾ।ਰਾਮ ਪੁਰ ਦੀਆਂ ਯਾਦਾਂ ਵਿੱਚ ਕੈਮਰੇ ਰਾਹੀਂ ਖਿੱਚੀ ਇੱਕ ਤਸਵੀਰ ਪ੍ਰਮੁਖ ਹੈ ਜੋ ਅਜੇ ਮੇਰੇ ਕੋਲ ਹੈ।ਇਹ ਤਸਵੀਰ ਰੇਲਵੇ ਰੋਡ ਤੇ ਹੀ ਸਥਿਤ ਫੋਟੋਗ੍ਰਾਫਰ ਨੇ ਖਿੱਚੀ ਸੀ ਤੇ ਉਹ ਮੈਂ ਫੇਸ ਬੁਕ ਤੇ ਸਾਂਝੀ ਕਰ ਚੁੱਕਾ ਹਾਂ।ਇਸ ਤਸਵੀਰ ਵਿੱਚ ਮੈਂ ਰਾਗੀ ਜਥੇ ਦੇ ਪਿਛੇ ਬੈਠਾ ਹੋਇਆ ਹਾਂ।ਕੀਰਤਨ ਕਰਕੇ ਜਦੋਂ ਅਸੀਂ ਕਰਤਾਰ ਹੋਟਲ ਆਉਂਦੇ ਸਾਂ ਤਾਂ ਕਰਤਾਰ ਸਿੰਘ ਜੀ ਮੂੰਗੀ-ਮਸਰੀ ਦੀ ਦਾਲ ਨੂੰ ਤੜਕਾ ਲਾ ਕੇ ਸਾਨੂੰ ਰੋਟੀ ਖੁਆਉਂਦੇ ਸਨ ਤੇ ਆਪ ਵੀ ਨਾਲ ਹੀ ਛਕਦੇ ਸਨ। ਮੈਨੂੰ ਉਦੋਂ ਤੋਂ ਮੂੰਗੀ ਮਸਰੀ ਦੀ ਦਾਲ ਨਾਲ ਮੋਹ ਪੈ ਗਿਆ ਹੈ ਤੇ ਹੁਣ ਜਦੋਂ ਇਹ ਦਾਲ ਛਕਦਾ ਹਾਂ ਤਾਂ ਸ੍ਰ ਕਰਤਾਰ ਸਿੰਘ ਜੀ ਦੀ ਯਾਦ ਆ ਜਾਂਦੀ ਹੈ। ਉਹਨਾਂ ਦੇ ਦੋ ਬੇਟਿਆਂ ਦੇ ਨਾਮ ਮੈਨੂੰ ਹੁਣ ਵੀ ਯਾਦ ਹਨ। ਅਮੀਰ ਸਿੰਘ ਤੇ ਸਤਨਾਮ ਸਿੰਘ।ਬਹੁਤ ਸਮਾਂ ਹੋ ਗਿਆ ਕਦੀ ਸੰਪਰਕ ਨਹੀਂ ਹੋਇਆ, ਪਤਾ ਨਹੀਂ ਕਿਸ ਹਾਲਤ ਵਿੱਚ ਹੋਣ।ਚੀਨੀ ਮਿੱਲ ਵਿੱਚ ਅਸੀ਼ ਗੁਰਪੁਰਬ ਤੇ ਕੀਰਤਨ ਕੀਤਾ। ਇਸ ਮਿੱਲ ਤੋਂ ਇੱਕ ਮਾਲ ਗੱਡੀ ਚਲਦੀ ਸੀ ਜਿਹੜੇ ਸਾਡੇ ਪਿੰਡਾਂ ਵੱਲ ਜਾਂਦੀ ਸੀ ਤੇ ਉੱਥੋਂ ਗੰਨਾ ਢੋਅ ਕੇ ਲਿਆਉਂਦੀ ਸੀ। ਅਸੀਂ ਉਸੇ ਮਾਲ ਗੱਡੀ ਰਾਹੀਂ ਆਪਣੇ ਪਿੰਡ ਪੁੱਜੇ ਸਾਂ ਉਹ ਸਫਰ ਵੀ ਬੜਾ ਅਜੀਬ ਸੀ। ਮਾਲ ਡੱਬੇ ਵਿੱਚ ਚਾਦਰ ਵਿੱਛਾ ਕੇ ਹੇਠਾਂ ਬੈਠ ਕੇ ਸਫਰ ਕੀਤਾ ਸੀ।

ਦੋ ਤਿੰਨ ਸਾਲਾਂ ਵਿੱਚ ਹੀ ਸਾਡਾ ਮਨ ਮਾਠ ਖੇੜੇ ਦੇ ਆਪਣੇ ਖੇਤਾਂ ਤੋਂ ਉਚਾਟ ਹੋ ਗਿਆ। ਮੈਂ ਪੰਜਵੀਂ ਜਮਾਤ ਤਾਂ ਪਿੰਡ ਦੇ ਸਕੂਲ ਵਿੱਚ ਹੀ ਪਾਸ ਕਰ ਲਈ ਸੀ ਪਰ ਅਗਲੇਰੀ ਪੜ੍ਹਾਈ ਲਈ ਬਿਲਾਸ ਪੁਰ ਜਾਣਾ ਪੈਂਦਾ ਸੀ। ਬਿਲਾਸ ਪੁਰ ਮਾਠਖੇੜੇ ਤੋਂ ਸੱਤ ਮੀਲ ਦੂਰ ਸੀ। ਮੈਂ ਸਾਈਕਲ ਤੇ ਜਾਂਦਾ ਸਾਂ ਤੇ ਕੱਦ ਛੋਟਾ ਹੋਣ ਕਰਕੇ ਸਾਈਕਲ ਕੈਂਚੀ ਸਟਾਈਲ ਵਿੱਚ ਚਲਾਉਂਦਾ। ਖੈਰ ਕਮਾਲ ਦੇ ਦਿਨ ਸਨ। ਜਦੋਂ ਮੈਂ ਸਤਵੀਂ ਵਿੱਚ ਪੜ੍ਹਦਾ ਸੀ ਤਾਂ ਮੇਰੇ ਦਾਦਾ ਜੀ ਦਾ ਦੇਹਾਂਤ ਹੋ ਗਿਆ ਤੇ ਅਸੀਂ ਯੂ ਪੀ ਛੱਡ ਕੇ ਮੁੜ ਪੰਜਾਬ ਆ ਗਏ।ਇੱਥੇ ਪਿਤਾ ਜੀ ਨੇ ਅੰਬਾਲਾ ਗੁਰਦੁਆਰਾ ਗੋਬਿੰਦ ਪੁਰਾ (ਲੱਭੂ ਵਾਲਾ ਤਲਾਬ) ਵਿਖੇ ਕੀਰਤਨ ਦੀ ਡਿਊਟੀ ਲੈ ਲਈ। ਮੈਂ ਅਠਵੀਂ ਪ੍ਰਾਈਵੇਟ ਪਾਸ ਕੀਤੀ ਤੇ ਨੌਵੀਂ- ਦਸਵੀ ਖਾਲਸਾ ਸਕੂਲ ਅੰਬਾਲਾ ਸ਼ਹਿਰ ਤੋਂ ਪਾਸ ਕੀਤੀ। ਪਿਤਾ ਜੀ ਤਖਤ ਸ੍ਰੀ ਕੇਸ ਗੜ੍ਹ ਸਾਹਿਬ ਆਨੰਦਪੁਰ ਸਾਹਿਬ ਕੀਰਤਨ ਡਿਊਟੀ ਤੇ ਚਲੇ ਗਏ। ਫਿਰ ਗੁਰਦੁਆਰਾ ਫਤਹਿਗੜ੍ਹ ਸਾਹਿਬ ਆ ਗਏ।ਮੈਂ ਜਦੋਂ ਦਸਵੀਂ ਪਾਸ ਕਰ ਲਈ ਤਾਂ ਪਿਤਾ ਜੀ ਕਾਲਜ ਦੀ ਪੜ੍ਹਾਈ ਕਰਵਾਉਣ ਲਈ ਤਿਆਰ ਨਹੀਂ ਸਨ। ਉਹਨਾਂ ਨੇ ਮੈਂਨੂੰ ਰਾਮ ਪੁਰ ਤਾਇਆ ਜੀ ਦੇ ਬੇਟੇ ਕੋਲ ਭੇਜ ਦਿਤਾ । ਉਸ ਦੀ ਉਥੇ ਮੋਟਰ ਵਰਕਸ਼ਾਪ ਸੀ।ਪਿਤਾ ਜੀ ਦਾ ਉਦੋਂ ਵਿਚਾਰ ਸੀ ਕਿ ਜੇ ਬੰਦੇ ਨੂੰ ਹੱਥ ਦਾ ਕੋਈ ਹੁਨਰ ਆਉਂਦਾ ਹੈ ਤਾਂ ਭੁੱਖਾ ਨਹੀਂ ਮਰਦਾ। ਮੋਟਰ ਵਰਕਸ਼ਾਪ ਦਾ ਮਾਹੌਲ ਬਿਲਕੁਲ ਅਜੀਬ ਸੀ। ਸਾਰਾ ਦਿਨ ਟਰੱਕਾਂ ਦੇ ਇੰਜਣਾਂ ਨਾਲ ਹੱਥ ਤੇ ਕਪੜੇ ਕਾਲੇ ਕਰਨੇ ਮੇਰੇ ਵੱਸ ਤੋਂ ਬਾਹਰ ਸਨ।ਹਰ ਵੇਲੇ ਜੱਕੋ ਤੱਕੀ ਵਿੱਚ ਰਹਿੰਦਾ ਸਾਂ। ਮੈਨੂੰ ਆਪਣਾ ਭਵਿੱਖ ਵਰਕਸ਼ਾਪ ਦੇ ਮਾਲਕ ਵਰਗਾ ਹੀ ਜਾਪਦਾ ਸੀ ਤੇ ਮੈਂ ਕਈ ਵਾਰ ਡਰ ਜਾਂਦਾ ਸਾਂ।ਮੇਰਾ ਆਦਰਸ਼ ਉਸ ਵੇਲੇ ਮੇਰੇ ਚਾਚਾ ਜੀ ਅਮਰੀਕ ਸਿੰਘ ਜੀ ਸਨ। ਚਾਚਾ ਅਮਰੀਕ ਸਿੰਘ ਜੀ ਕਾਲਜ ਦੇ ਪ੍ਰੋਫੈਸਰ ਬਣਨਾ ਚਾਹੁੰਦੇ ਸਨ। ਉਹ ਪੜ੍ਹਨ ਲਈ ਜੀ ਤੋੜ ਮਿਹਨਤ ਕਰਦੇ ਸਨ ਪਰ ਸਫਲਤਾ ਨਹੀਂ ਸੀ ਮਿਲ ਰਹੀ। ਅਖੀਰ ਉਹ ਆਪਣੇ ਮਨ ਦੀ ਇੱਛਾ ਦਾ ਤਿਆਗ ਕਰਕੇ ਆਰਥਿਕ ਤੰਗੀਆਂ ਕਾਰਨ ਫੌਜ ਵਿੱਚ ਚਲੇ ਗਏ। ਮੈਂ ਉਹਨਾਂ ਦਾ ਸੁਪਨਾ ਪੂਰਾ ਕਰਨਾ ਚਾਹੁੰਦਾ ਸਾਂ।ਰਾਮਪੁਰ ਵਿੱਚ ਸਵੈਟ ਮਾਰਡਨ ਅਤੇ ਗੁਰਬਖਸ਼ ਸਿੰਘ ਪ੍ਰੀਤ ਲੜੀ ਦੀਆਂ ਪੁਸਤਕਾਂ ਪੜ੍ਹ ਕੇ ਇਹ ਵਿਚਾਰ ਦਿਲ ਵਿੱਚ ਬਿਠਾਉਣ ਦੀ ਕੋਸ਼ਿਸ਼ ਕਰਦਾ ਰਿਹਾ ਕਿ ਕੋਈ ਕੰਮ ਮਾੜਾ ਨਹੀਂ ਹੁੰਦਾ। ਹਰ ਕੰਮ ਵਿੱਚ ਜੇ ਮਿਹਨਤ ਕੀਤੀ ਜਾਵੇ ਤਾਂ ਸਫਲਤਾ ਮਿਲਦੀ ਹੈ।ਐਤਵਾਰ ਨੂੰ ਛੁੱਟੀ ਕਰਦੇ ਸਾਂ ਤੇ ਅਸੀਂ ਉਸ ਦਿਨ ਗੁਰਦੁਆਰੇ ਜਾਂਦੇ ਸਾਂ।ਕਦੀ ਕਦੀ ਮੈਂ ਕਰਤਾਰ ਹੋਟਲ ਤੇ ਕਰਤਾਰ ਸਿੰਘ ਹੋਰਾਂ ਕੋਲ ਵੀ ਚਲਾ ਜਾਂਦਾ ਸਾਂ।ਉਹ ਵੀ ਮੇਰੇ ਨਾਲ ਵਿਚਾਰ ਵਟਾਂਦਰਾ ਕਰਦੇ ਸਨ। ਰਾਮਪੁਰ ਤੋਂ ਦੀਵਾਲੀ ਦੇ ਮੌਕੇ ਤੇ ਨਾਨਕ ਮਤੇ ਵੀ ਗਏ ਉੱਥੇ ਮੈਂ ਇੱਕ ਸ਼ਬਦ ਗਾਇਨ ਕੀਤਾ ਤੇ ਬੜੀ ਸਿਫਤ ਹੋਈ।ਰਾਮਪੁਰ ਵਿੱਚ ਇੱਕ ਐਤਵਾਰ ਭਾਈ ਮਾਨ ਸਿੰਘ ਪੰਛੀ ਹੋਰਾਂ ਦਾ ਕੀਰਤਨ ਸੁਣਿਆ।ਪੰਛੀ ਜੀ ਪਾਕਿਸਤਾਨ ਤੋਂ ਸਾਡੇ ਪਿੰਡ ਗੋਬਿੰਦ ਪੁਰੇ ਤੋਂ ਹੀ ਸਨ। ਪੰਛੀ ਜੀ ਨਾਲ ਮੇਰੇ ਪਿਤਾ ਜੀ ਅੰਬਾਲੇ ਕੀਰਤਨ ਕਰਦੇ ਸਨ।ਉਹਨਾਂ ਦੇ ਦੋ ਬੱਚਿਆਂ ਦੇ ਨਾਮ ਮੈਨੂੰ ਯਾਦ ਹਨ – ਦਰਸ਼ਨ ਸਿੰਘ ਅਤੇ ਸਰਬਜੀਤ ਕੌਰ ਬਾਕੀ ਕੁਝ ਯਾਦ ਨਹੀਂ। ਮਾਂਨ ਸਿੰਘ ਪੰਛੀ ਜੀ ਨੇ ਉਦੋਂ ਹੀ 'ਜਥੇਦਾਰ' ਅਖਬਾਰ ਵਿੱਚ ਗੋਬਿੰਦ ਪੁਰੇ ਤੋਂ ਉਜੜਨ ਦੀ ਦਾਸਤਾਨ ਲਿਖੀ ਸੀ।ਉਹ ਵੀ ਮੈਨੂੰ ਯਾਦ ਸਨ। ਮੈਂ ਉਹਨਾਂ ਨੂੰ ਜਦੋਂ ਮਿਲਿਆ ਤਾਂ ਉਹਨਾਂ ਵੀ ਮੇਰੇ ਨਾਲ ਗੱਲਾਂ ਬਾਤਾਂ ਕੀਤੀਆਂ।ਦੋ ਤਿੰਨ ਮਹੀਨੇ ਵਿੱਚ ਮੇਰਾ ਮਨ ਬਦਲ ਗਿਆ। ਇਸ ਥਾਂ ਤੇ ਮੈਂ ਇਤਨਾ ਵੱਡਾ ਹੋ ਗਿਆ ਕਿ ਆਪਣੀ ਜ਼ਿੰਦਗੀ ਦਾ ਫੈਸਲਾ ਪਿਤਾ ਜੀ ਦੀ ਰਾਇ ਤੋਂ ਵੱਖਰਾ ਲੈਣ ਦੇ ਕਾਬਲ ਬਣ ਗਿਆ।ਕਰਤਾਰ ਸਿੰਘ ਜੀ, ਪੰਛੀ ਜੀ ਅਤੇ ਆਪਣੇ ਉਸਤਾਦ ਤਾਇਆ ਜੀ ਦੇ ਲੜਕੇ ਦੀ ਹਾਲਤ ਵੇਖ ਕੇ ਮੈਂ ਉਥੋਂ ਵਾਪਸ ਆ ਗਿਆ ਤੇ ਅੰਬਾਲੇ ਗੁਰਦੁਆਰਾ ਗੋਬਿੰਦ ਪੁਰਾ ਦੇ ਗ੍ਰੰਥੀ ਸਰਦਾਰ ਸਿੰਘ ਜੀ ਕੋਲ ਪਾਠ ਅਤੇ ਫਿਰ ਪ੍ਰੋ ਕਿਸ਼ਨ ਸਿੰਘ ਜੀ ਨਾਲ ਕੀਰਤਨ ਕਰਨ ਲੱਗ ਪਿਆ।ਫਿਰ ਪ੍ਰਾਈਵੇਟ(ਵਾਇਆ ਬਠਿੰਡਾ) ਪੜ੍ਹਾਈ ਕਰਨ ਵਾਲੇ ਰਾਹ ਤੁਰ ਪਿਆ।ਇਸ ਪੱਖੋਂ ਰਾਮਪੁਰ ਯੂ ਪੀ ਮੇਰੇ ਲਈ ਇੱਕ ਨਿਰਣਾਇਕ ਸਥਾਨ ਸਾਬਤ ਹੋਇਆ ਤੇ ਮੈਨੂੰ ਜਾਪਦਾ ਹੈ ਉਦੋਂ ਜਿਹੜੇ ਫੈਸਲੇ ਮੈਂ ਆਪਣੇ ਮਨ ਦੀ ਆਵਾਜ਼ ਸੁਣ ਕੇ ਕੀਤੇ ਉਹ ਠੀਕ ਹੀ ਸਾਬਤ ਹੋਏ।

ਭੁੱਲ ਚੁੱਕ ਖਿਮਾ

# ਗੁਰਮਤਿ ਸੰਗੀਤ ਰਚਨਾਕਾਰ ਪ੍ਰੋ. ਕਰਤਾਰ ਸਿੰਘ

ਡਾ. ਗੁਰਨਾਮ ਸਿੰਘ

ਗੁਰਮਤਿ ਸੰਗੀਤ ਦੇ ਖੇਤਰ ਵਿਚ ਨਿਰੰਤਰ ਪੰਜ ਦਹਾਕਿਆਂ ਤੋਂ ਕਰਮਸ਼ੀਲ ਪ੍ਰੋ. ਕਰਤਾਰ ਸਿੰਘ ਜੀ ਨੂੰ ਭਾਰਤ ਸਰਕਾਰ ਦੁਆਰਾ ਪਦਮ ਸ਼੍ਰੀ ਦਾ ਖਿਤਾਬ ਪ੍ਰਦਾਨ ਕਰਨਾ ਸਮੂਹ ਗੁਰਮਤਿ ਸੰਗੀਤ ਸੇਵੀਆਂ ਲਈ ਮੁਬਾਰਕ ਸਮਾਚਾਰ ਹੈ। ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਦੇ ਖੇਤਰ ਵਿਚ ਪ੍ਰਵੇਸ਼ ਕਰਨ ਵਾਲੇ ਸਿਖਿਆਰਥੀਆਂ ਲਈ ਇਕ ਆਦਰਸ਼ ਹਨ ਜਿਨ੍ਹਾਂ ਨੇ ਬਤੌਰ ਕੀਰਤਨਕਾਰ, ਅਧਿਆਪਕ ਅਤੇ ਵਿਦਵਾਨ ਲੇਖਕ ਵਜੋਂ ਆਪਣੇ ਮਹੱਤਵਪੂਰਣ ਕਾਰਜਾਂ ਦੁਆਰਾ ਭਰਪੂਰ ਯੋਗਦਾਨ ਪਾਇਆ ਹੈ। ਅਜਿਹੇ ਵਿਅਕਤੀਆਂ ਨੂੰ ਮਿਲਣ ਵਾਲੇ ਮਾਨ ਸਨਮਾਨ ਦੀ ਸ਼ੋਭਾ ਨੂੰ ਹੋਰ ਵੀ ਚਾਰ ਚੰਨ ਲੱਗ ਜਾਂਦੇ ਹਨ ਅਤੇ ਉਨ੍ਹਾਂ ਦਾ ਮਹੱਤਵ ਦੂਣ ਸਵਾਇਆ ਹੋ ਜਾਂਦਾ ਹੈ।

ਨਿਮਰਤਾ, ਸਾਦਗੀ ਤੇ ਗੁਰਸਿੱਖ ਮੂਰਤ ਪ੍ਰੋ. ਕਰਤਾਰ ਸਿੰਘ ਦਾ ਜਨਮ 3 ਅਪ੍ਰੈਲ, 1928 ਨੂੰ ਸ. ਅਤਰ ਸਿੰਘ ਦੇ ਗ੍ਰਹਿ ਮਾਤਾ ਹਰਨਾਮ ਕੌਰ ਦੀ ਕੁਖੋਂ ਪਿੰਡ ਘੁਮਾਣ, ਜਿਲ੍ਹਾ ਲਾਹੌਰ (ਪਾਕਿਸਤਾਨ) ਵਿਖੇ ਹੋਇਆ। ਪਿੰਡ ਤੋਂ ਸਕੂਲੀ ਪੜਾਈ ਪ੍ਰਾਪਤ ਕਰਦਿਆਂ ਆਪ ਨੂੰ ਸ਼ਬਦ ਅਤੇ ਸ਼ਬਦ ਕੀਰਤਨ ਸੁਣਨ ਦੀ ਚੇਟਕ ਲੱਗੀ। ਆਪ ਨੇ ਪੰਡਤ ਨੱਥੂ ਰਾਮ (ਤਰਨਤਾਰਨ ਟਕਸਾਲ ਵਾਲੇ), ਗਿਆਨੀ ਗੁਰਚਰਨ ਸਿੰਘ, ਭਾਈ ਸੁੰਦਰ ਸਿੰਘ (ਕਸੂਰ ਵਾਲੇ), ਭਾਈ ਦਲੀਪ ਸਿੰਘ, ਭਾਈ ਪੂਰਨ ਸਿੰਘ (ਤਰਨਤਾਰਨ), ਭਾਈ ਅਮੋਲਕ ਸਿੰਘ (ਲਾਹੌਰ) ਅਤੇ ਕਰਮਾ ਰਬਾਬੀ ਆਦਿ ਤੋਂ ਸੰਗੀਤ ਅਤੇ ਗੁਰਮਤਿ ਸੰਗੀਤ ਦੀ ਗੂੜ ਤਾਲੀਮ ਹਾਸਲ ਕੀਤੀ। ਇਸ ਤੋਂ ਇਲਾਵਾ ਆਪ ਨੇ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਗਿਆਨੀ ਪਾਸ ਕੀਤੀ। ਆਪ ਨੇ ਹਰਗਨਾ ਟਕਸਾਲ ਦੇ ਸੰਗੀਤਕਾਰ ਉਸਤਾਦ ਜਸਵੰਤ ਸਿੰਘ ਭੰਵਰਾ ਦੀ ਅਗਵਾਈ ਹੇਠ 'ਸੰਗੀਤ ਪ੍ਰਭਾਕਰ' ਅਤੇ 'ਸੰਗੀਤ ਭਾਸਕਰ' ਗਾਇਨ-ਵਾਦਨ ਦੀ ਡਿਗਰੀ, ਸ੍ਰੀ ਬਲਵੰਤ ਰਾਇ ਜਸਵਾਲ ਦੀ ਸਰਪ੍ਰਸਤੀ ਹੇਠ ਪ੍ਰਯਾਗ ਸੰਗੀਤ ਸੰਮਤੀ, ਇਲਾਹਾਬਾਦ ਤੋਂ 'ਸੰਗੀਤ ਪ੍ਰਵੀਨ' ਅਤੇ 1967 ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਸੰਗੀਤ ਦੀ ਮਾਸਟਰ ਡਿਗਰੀ ਹਾਸਲ ਕੀਤੀ।

ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਦੀ ਵਿਹਾਰਕਤਾ ਨਾਲ ਲੰਬੇ ਸਮੇਂ ਤੋਂ ਜੁੜੇ ਹੋਏ ਹਨ। ਆਪ ਨੇ ਦੇਸ਼ ਵੰਡ ਤੋਂ ਪਹਿਲਾਂ 1945 ਵਿਚ ਪਾਕਿਸਤਾਨ ਦੇ ਗੁਰਦੁਆਰਾ ਸਿੰਘ ਸਭਾ ਮੰਡੀ ਰੀਨਾਲਾ ਖੁਰਦ ਜਿਲ੍ਹਾ ਮਿੰਟਗੁਮਰੀ ਅਤੇ ਗੁਰਦੁਆਰਾ ਸਿੰਘ ਸਭਾ ਗੁਜਰਾਂਵਾਲਾ ਤੋਂ ਕੀਰਤਨ ਦੀ ਸੇਵਾ ਪ੍ਰਾਰੰਭ ਕੀਤੀ। ਵਰਤਮਾਨ ਸਮੇਂ ਵੀ ਆਪ ਗੁਰਮਤਿ ਸੰਗੀਤ ਦੀ ਵਿਹਾਰਕਤਾ ਨਾਲ ਨਿਰੰਤਰ ਜੁੜੇ ਹੋਏ ਹਨ। ਸ਼ਬਦ ਕੀਰਤਨ ਦੇ ਨਾਲ-ਨਾਲ ਆਪ ਨੇ ਸੰਗੀਤ ਅਧਿਆਪਨ ਦੇ ਕਾਰਜ ਨੂੰ ਅਪਣਾਇਆ ਅਤੇ ਅਨੇਕਾਂ ਵਿਦਿਆਰਥੀਆਂ ਨੂੰ ਸੰਗੀਤ ਤੇ ਗੁਰਮਤਿ ਸੰਗੀਤ ਨਾਲ ਜੋੜਿਆ। ਆਪ ਵਲੋਂ ਸ਼ਬਦ ਕੀਰਤਨ ਰਚਨਾਵਾਂ ਦੇ ਰੂਪ ਵਿਚ ਜੋ ਕਾਰਜ ਕੀਤਾ ਗਿਆ ਹੈ, ਉਸ ਪਿਛੇ ਆਪ ਦੇ ਜੀਵਨ ਦਾ ਸੰਗੀਤ ਪ੍ਰਤੀ ਲੰਬਾ ਤਜਰਬਾ ਸਪਸ਼ਟ ਪ੍ਰਤੱਖ ਹੁੰਦਾ ਹੈ। ਸੰਗੀਤ ਰਚਨਾ ਕਿਸੇ ਕਲਾਕਾਰ ਮਨ ਦੇ ਉੱਤਮ ਮੌਲਿਕ ਸੰਗੀਤਕ ਅਨੁਭਵ ਦੀ ਕਿਰਤ ਵਜੋਂ ਸੰਗੀਤਕ ਰੂਪ ਵਿਚ ਸਰੂਪਤ ਹੁੰਦੀ ਹੈ। ਸੰਗੀਤ ਰਚਨਾ ਸਾਧਾਰਣ ਅਨੁਭਵ ਤੋਂ ਪਰ੍ਹੇ ਦੀ ਅਵਸਥਾ ਤੇ ਅਕਹਿ ਪਲਾਂ ਦੀ ਦਾਸਤਾਂ ਹੈ। ਇਸੇ ਕਰਕੇ ਸੰਗੀਤ ਦੇ ਖੇਤਰ ਦਾ ਹਰ ਗਾਇਕ ਜਾਂ ਅਧਿਆਪਕ ਸੰਗੀਤ ਰਚਨਾਕਾਰ

ਤਾਂ ਨਹੀਂ ਹੋ ਸਕਦਾ। ਗੁਰਮਤਿ ਸੰਗੀਤ ਵਿਚ ਸ਼ਬਦ ਰਚਨਾ ਸੰਗੀਤ ਦੀਆਂ ਦੂਸਰੀਆਂ ਪਰੰਪਰਾਵਾਂ ਨਾਲੋਂ ਹੋਰ ਵੀ ਕਠਿਨ ਕਾਰਜ ਹੈ। ਸ਼ਬਦ ਤੇ ਸੰਗੀਤ ਨੂੰ 'ਕੀਰਤਨ' ਹਿਤ ਰਚਨਾ ਵਜੋਂ ਪ੍ਰਸਤੁਤ ਕਰਨ ਲਈ ਜ਼ਰੂਰੀ ਹੈ ਮਨ, ਬਚ, ਕਰਮ ਕਰਕੇ 'ਸ਼ਬਦ' ਨਾਲ ਅਨੁਭਵ ਦੇ ਪੱਧਰ ਤੇ ਜੁੜਨਾ, ਕੀਰਤਨ ਰੂਪ ਵਿਚ ਸ਼ਬਦ ਨੂੰ ਸੰਗੀਤਕ ਕੈਨਵਸ ਉੱਤੇ ਸੰਪੂਰਣ ਕਰਨਾ, ਦੁਧਾਰੀ ਤਲਵਾਰ ਦੇ ਚਲਣ ਸਮਾਨ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ ਦੇ ਡਾਇਰੈਕਟਰ ਵਜੋਂ ਆਪ ਨੇ 17 ਦਸੰਬਰ, 1999 ਨੂੰ ਆਪਣਾ ਕਾਰਜਭਾਰ ਸੰਭਾਲਿਆ ਅਤੇ ਆਪ ਅੱਜ ਤੱਕ ਨਿਰੰਤਰ ਸੇਵਾਵਾਂ ਨਿਭਾ ਰਹੇ ਹਨ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕੀਰਤਨ ਸਬ ਕਮੇਟੀ ਦੇ ਪਿਛਲੇ ਵੀਹ ਸਾਲਾਂ ਤੋਂ ਮੈਂਬਰ ਹਨ ਅਤੇ ਸ਼੍ਰੋਮਣੀ ਗੁਰੁਦਆਰਾ ਪ੍ਰਬੰਧਕ ਕਮੇਟੀ ਵਲੋਂ ਹੋਣ ਵਾਲੀ ਰਾਗੀ ਸਿੰਘਾਂ ਦੀ ਚੋਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਆ ਰਹੇ ਹਨ। ਵੱਖ ਵੱਖ ਸਮੇਂ ਤੇ ਸ਼੍ਰੋਮਣੀ ਕਮੇਟੀ ਵਲੋਂ ਆਯੋਜਿਤ ਕੀਤੇ ਜਾਣ ਵਾਲੇ ਰਾਗ ਦਰਬਾਰਾਂ ਅਤੇ ਸ਼ਤਾਬਦੀ ਸਮਾਰੋਹ ਵਿਚ ਆਪ ਹਮੇਸ਼ਾ ਵੱਧ ਚੜ੍ਹ ਕੇ ਭਾਗ ਲੈਂਦੇ ਹਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਤਕਰੀਬਨ ਪੰਦਰਾਂ ਸਾਲਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਨੂੰ ਸਮਰਪਿਤ ਸਵ. ਬੀਬੀ ਜਸਬੀਰ ਕੌਰ ਖਾਲਸਾ ਅਤੇ ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ, ਨਵੀਂ ਦਿੱਲੀ ਦੇ ਸਹਿਯੋਗ ਨਾਲ ਹਰ ਸਾਲ ਰਾਗ ਦਰਬਾਰ ਆਯੋਜਿਤ ਕਰਦੇ ਆ ਰਹੇ ਹਨ। ਆਪ 1991 ਤੋਂ ਜਵੱਦੀ ਟਕਸਾਲ ਵਲੋਂ ਨਿਰੰਤਰ ਆਯੋਜਿਤ ਹੋਣ ਵਾਲੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਰਾਗ ਨਿਰਣਾਇਕ ਕਮੇਟੀ ਦੇ ਮੁੱਖ ਮੈਂਬਰ ਵਜੋਂ ਸੇਵਾ ਨਿਭਾਈ ਹੈ।

ਪ੍ਰੋ. ਕਰਤਾਰ ਸਿੰਘ ਨੇ ਬਹੁਤ ਸਾਰੇ ਸ਼ਿਸ਼ਾਂ ਨੂੰ ਤਾਲੀਮ ਦਿੱਤੀ ਜੋ ਵੱਖ ਵੱਖ ਕਾਲਜਾਂ ਵਿਚ ਬਤੌਰ ਅਧਿਆਪਕ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਕੀਰਤਨਾਰ ਵਜੋਂ ਸੇਵਾ ਨਿਭਾ ਰਹੇ ਹਨ।

ਰਚਨਾਕਾਰ ਦੇ ਤੌਰ ਤੇ ਪ੍ਰੋ. ਕਰਤਾਰ ਸਿੰਘ ਦੀਆਂ ਹੁਣ ਤੱਕ ਤਿੰਨ ਪੁਸਤਕਾਂ ਉਪਲਬੱਧ ਹਨ ਜਿਨ੍ਹਾਂ ਵਿਚ 'ਗੁਰਬਾਣੀ ਸੰਗੀਤ ਦਰਪਣ' (1996), 'ਗੁਰੂ ਅੰਗਦ ਦੇਵ ਸੰਗੀਤ ਦਰਪਣ' (2004) ਅਤੇ 'ਗੁਰਮਤਿ ਸੰਗੀਤ ਦਰਪਣ' (ਭਾਗ ਪਹਿਲਾ (2003), ਭਾਗ ਦੂਜਾ (2006), ਭਾਗ ਤੀਜਾ (2010)) ਦੇ ਨਾਮ ਸ਼ਾਮਲ ਹਨ। ਇਹ ਸਾਰੀਆਂ ਪੁਸਤਕਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ ਹੋਈਆਂ ਹਨ। ਆਪ ਦੀ ਇਕ ਹੋਰ ਪੁਸਤਕ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਕੀਤੀ ਜਾ ਰਹੀ ਹੈ। ਇਨ੍ਹਾਂ ਪੁਸਤਕਾਂ ਵਿਚ ਗੁਰਮਤਿ ਸੰਗੀਤ ਦੇ 100 ਤੋਂ ਵੱਧ ਨਿਰਧਾਰਤ ਅਤੇ ਮਿਸ਼ਰਤ ਰਾਗਾਂ ਅਧੀਨ 1200 ਤੋਂ ਵੱਧ ਸ਼ਬਦ ਕੀਰਤਨ ਰਚਨਾਵਾਂ ਦਾ ਵਿਸ਼ਾਲ ਸੰਗ੍ਰਹਿ ਮੌਜੂਦ ਹੈ। ਇਹ ਸਾਰੀਆਂ ਸ਼ਬਦ ਕੀਰਤਨ ਰਚਨਾਵਾਂ ਵੱਖ-ਵੱਖ ਗਾਇਨ ਸ਼ੈਲੀਆਂ ਜਿਵੇਂ ਧਰੁਪਦ, ਧਮਾਰ, ਖਿਆਲ, ਪੜਤਾਲ, ਘੋੜੀਆਂ, ਅਲਾਹੁਣੀਆਂ ਆਦਿ ਵਿਚ ਸੁਰਲਿਪੀ ਬੱਧ ਕੀਤੀਆਂ ਗਈਆਂ ਹਨ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਹਿਤ ਆਪ ਵਲੋਂ ਵੱਖ-ਵੱਖ ਪ੍ਰਚਲਿਤ ਅਤੇ ਅਪ੍ਰਚਲਿਤ ਸਰਲ ਤੇ ਵਿਕਟ ਤਾਲਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਨ੍ਹਾਂ ਪੁਸਤਕਾਂ ਵਿਚ ਗੁਰਮਤਿ ਸੰਗੀਤ ਪ੍ਰਤੀ ਸੰਖੇਪਿਤ ਜਾਣਕਾਰੀ ਵੀ ਦਰਜ ਕੀਤੀ ਗਈ ਹੈ। ਇਹ ਪੁਸਤਕਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਸਥਾਪਿਤ ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਦੀ ਵੈਬਸਾਈਟ

www.gurmatsangeetlibrary.com 'ਤੇ ਅਪਲੋਡ ਵੀ ਕੀਤੀਆਂ ਗਈਆਂ ਹਨ। ਵਰਤਮਾਨ ਸਮੇਂ ਗੁਰਮਤਿ ਸੰਗੀਤ ਅਕੈਡਮੀ, ਅਨੰਦਪੁਰ ਸਾਹਿਬ ਦੇ ਡਾਇਰੈਕਟਰ ਵਜੋਂ ਕਾਰਜਰਤ ਪ੍ਰੋ. ਕਰਤਾਰ ਸਿੰਘ ਨੂੰ ਗੁਰਮਤਿ ਸੰਗੀਤ ਦੇ ਖੇਤਰ ਵਿਚ ਵਡਮੁੱਲੇ ਯੋਗਦਾਨ ਹਿਤ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਵੱਖ-ਵੱਖ ਸੰਸਥਾਵਾਂ ਵਲੋਂ ਸਮੇਂ-ਸਮੇਂ ਤੇ ਵਿਸ਼ੇਸ਼ ਰੂਪ ਵਿਚ ਸਨਮਾਨਿਤ ਕੀਤਾ ਗਿਆ ਹੈ।

ਆਜ ਜੀ ਦੇ ਰਾਗਾਤਮਕ ਸ਼ਬਦ ਕੀਰਤਨ ਦੀਆਂ ਆਡੀਓ ਵਿਜ਼ੂਅਲ ਰਿਕਾਰਡਿੰਗਜ਼ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਜਵੱਦੀ ਟਕਸਾਲ ਵਲੋਂ ਰਿਕਾਰਡ ਕਰਵਾਈਆਂ ਗਈਆਂ ਹਨ ਉਥੇ ਯੂ.ਟਿਊਬ ਅਤੇ ਵੱਖ ਵੱਖ ਵੈਬਸਾਈਟਾਂ 'ਤੇ ਆਪ ਦਾ ਗਾਇਨ ਸੁਣਿਆ ਜਾ ਸਕਦਾ ਹੈ।

ਪ੍ਰੋ. ਕਰਤਾਰ ਸਿੰਘ ਨੂੰ ਵੱਖ ਵੱਖ ਸੰਸਥਾਵਾਂ ਵਲੋਂ ਮਾਣ ਸਨਮਾਨਾਂ ਨਾਲ ਨਿਵਾਜਿਆ ਗਿਆ ਹੈ ਜਿਨ੍ਹਾਂ ਵਿਚੋਂ ਸੰਗੀਤ ਨਾਟਕ ਅਕੈਡਮੀ ਨਵੀਂ ਦਿੱਲੀ ਵਲੋਂ ਗੁਰਬਾਣੀ ਸੰਗੀਤ ਐਵਾਰਡ ਅਤੇ ਰਬਿੰਦਰਨਾਥ ਟੈਗੋਰ ਐਵਾਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਸ਼੍ਰੋਮਣੀ ਰਾਗੀ ਐਵਾਰਡ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਬੀਬੀ ਜਸਬੀਰ ਕੌਰ ਖਾਲਸਾ ਸੀਨੀਅਰ ਫੈਲੋਸ਼ਿਪ, ਵਰਲੱਡ ਸਿੱਖ ਸੁਸਾਇਟੀ ਯੂ.ਕੇ. ਵਲੋਂ ਵਿਸ਼ੇਸ਼ ਸਨਮਾਨ ਆਦਿ ਪ੍ਰਮੁੱਖ ਹਨ।

ਸਾਡੇ ਸਾਰਿਆਂ ਲਈ ਮਾਣ ਅਤੇ ਪ੍ਰਸੰਨਤਾ ਵਾਲੀ ਗੱਲ ਹੈ ਕਿ ਗੁਰਮਤਿ ਸੰਗੀਤ ਦੇ ਇਸ ਕਰਮਯੋਗੀ ਨੂੰ ਭਾਰਤ ਸਰਕਾਰ ਵਲੋਂ ਪਦਮ ਸ੍ਰੀ ਸਨਮਾਨ ਨਾਲ ਨਿਵਾਜਿਆ ਜਾ ਰਿਹਾ ਹੈ। ਅਦਾਰਾ ਅੰਮ੍ਰਿਤ ਕੀਰਤਨ ਟਰੱਸਟ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਮੂਹ ਅਧਿਆਪਕਾਂ, ਵਿਦਿਆਰਥੀਆਂ ਤੇ ਗੁਰਮਤਿ ਸੰਗੀਤ ਪ੍ਰੇਮੀਆਂ ਵਲੋਂ ਅਸੀਂ ਪ੍ਰੋ. ਕਰਤਾਰ ਸਿੰਘ ਜੀ ਨੂੰ ਵਧਾਈ ਦਿੰਦੇ ਹਾਂ।

ਬਾਨੀ ਪ੍ਰੋਫੈਸਰ ਤੇ ਮੁਖੀ
ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# PadamShri Prof. Kartar Singh: A Legendary Gurmat Musicologist

Dr. A P Singh 'Rhythm'

Professor Kartar Singh is a widely admired and accepted Gurmat Sangeet Scholar. His worldwide influence on the tradition can be assessed from his involvement and input for Gurmat Sangit propagation and promotion through Rag Nirnayak Committee, Board of graduate and postgraduate Studies Punjabi University Patiala and Shiromani Gurdwara Prabandhak Committee and other institutions. He enjoys and international repute for his scholastic approach for the subject. Government of India has offered the award of PadamShri, one of the most prestigious award of India. He is a multidimensional personality. He is dedicated to the propagation, promotion and expansion of Gurmat Sangit through his presentations, writings, teaching and publications. Although he worked as a faculty of Indian classical music at various institutes but he did his best to promote the tradition of Gurmat Sangit, at his level best. He mesmerizes the audience with his absolute mastery over Gurbaṇi meaning, pronunciation and Gurmat Sangit musicology. At present, he is working as director Gurmat Sangit academy, Sri Anandpur Sahib, being run by Dharam Prachar committee, Shiromani Gurdwara Prabandhak Committee, Amritsar.

**Music Training**: A student with sharp mind and ambitions could not stop himself to a limited mode of training. A explore new dimensions of music and Gurbaṇi singing Kartar Singh studied and practiced the art of music under the tutelage of Bhai Sunder Singh Ji Kasur Wale, Gayan Acharia Bhambe Ji, Bhai Dalip Singh Ji Gayan Acharya (student of Giani Gian Singh Almast) also for one year each. Professor Kartar Singh studied higher study of music under the guidance of J S Bhanwra and Pandit Balwant Rai Jaiswal.

He contributed following five books strictly in accordance with the musicology emerging from the Gurbani and references of Sri Guru Granth Sahib, the living Guru of the Sikhs. 1286 compositions are included in these publications.

- Gurbani Sangit Darpan
- Gurmat Sangit Darpan, Part I
- Gurmat Sangit Darpan, Part II
- Gurmat Sangit Darpan, Part III
- Guru Angad Dev Sangit Darpan

All these books are published by Dharam Prachar Committee, Shiromani Gurdwara Prabandhak Committee Amritsar. It is a matter of great pride for Professor Kartar Singh that more than 32000 copies of these books are being published.

**Awards, Honors and Distinctions**: The contribution and services of Professor Kartar Singh are recognized by the institutions, societies, individuals and government bodies, not only at national level but international also. He is most love & admirable Sikh scholar, of Gurmat Sangit tradition. Where ever he goes, the Sangat got influenced in a big way, from his personality, Shabad Kirtan recital and humbleness. He never demands VIP treatment. He will sit in Sangat and on his turn to perform he will sit on stage and initiate his

performance. No separate accommodation or green room is required for him. To recognize his talent and pay respect to him so many awards and conferred on Professor Kartar Singh. Some of prestigious awards received by him are as under:

**Conferred by Government Institutions**:

- **Maharaja Ranjit Singh Award** – November 11, 2001, on the eve of coronation of Maharaja Ranjit Singh by Government of Punjab.
- **Sangeet Natak Academy Award**: Sangeet Natak Academy is a central body. The academy confers honors on legendry artists in various fields of arts & culture of Indian traditions. Professor Kartar Singh was awarded Sangeet Natak Academy Award for his contribution in Gurbaṇi singing for the year of 2008. After the announcement of the awards, the function could not be organized due to elections or unavailability of the President of India. He is awarded **Sangit Natak Academy Award** (Gurbaṇi Sangit Award - 2008) by the President of India Srimati Pratibha Devi Singh Patial on July 14, 2009 at President House, Delhi. He is offered Ang-Vastra Dushala, Tamar-Pattar along with cash award of fifty thousand rupees in cash. The award giving function of Sangeet Natak Academy is one of its kind. All the awardees get the chance to exhibit their talent in the presence of luminaires, gathered from various parts of India & abroad. The function goes on for more than a week, to provide chance all the awardees to perform and record their cultural traditions.
- **Tagore Academy Award:** On the occasion of $150^{th}$ birthday of Rabindranath Tagore, Sangeet Natak Academy decided to honor 50 leading scholar-artists contributing for propagation of various streams of Indian culture and arts. Octogenarian Professor Kartar Singh, Director Gurmat Sangit Academy, Sri Anandpur Sahib was conferred with Tagore Academy Award in the field of Gurbaṇi singing. It was the ever first award announced in this category of music by a leading Art council, established by Government of India. Sikh Sangat around the world got a point to celebrate the achievement by a leading scholar of contemporary Gurmat Sangit

tradition. Professor Kartar Singh was called upon to attend award ceremony on April 25, 2012 at Rabindra Bhawan Calcutta. Professor Professor Kartar Singh was conferred Tagor Academy Award by Government of west Bengal Mr. M K Narayan, with a Tamar Pattara, Dushala and cash award of Rs. 3,00,000. This was the time to interact with other awardees, from various parts of the country, attending the award function and tell them about the Gurmat Sangit musicology.

**Conferred by Educational Institutions**:

- **Special Award** – April 7, 1985, Guru Nanak Education Trust, Ludhiana.
- **Special Award** – February 2, 1990, Ramgarhia College, Ludhiana.
- **Nationally Awardee** – 2009 by Management Singh Sabha Secondary School, Model Town, Ludhiana.

**Conferred by Universities and Colleges**:

- **Special Honor** – 2006, by Punjabi University Patiala on the eve of Gurmat Sangeet utsava.
- **Life Time Achievement Award** 2007 and Rs. 21000/= cash by Sri Gobind Singh College of Commerce, New Delhi.
- Punjabi University, Gurmat Sangeet Fellowship, by the Gurmat Sangeet Chair.

**Conferred by International Societies**:

- Besides the awards from various Indian societies, institutions and governments, Professor Kartar Singh was awarded with **Life Time Achievement Award by Sikh World Society, U. K.** on October 9, 2011 at London Helton Hotel.

**Conferred by Religious Institutions**:

- **Bhai Samund Singh Yadgari Award –** March 27, 1991, Guru Gobind Singh Study Circle, Ludhiana March 27, 1991.
- **Gurmat Sangeet Award** with Rs. 25000/= cash – 1995, Vishav Sikh Sammelan, at Gurdwara Manji Sahib, Amritsar sponsored by Sant Sucha

Singh Jawadi Taksal.

- **Vishesh Sanman** – September 18, 2002, Gurmat Sangeet Study Circle, Patiala.
- **Special Honor –** October 20, 2006, by Bibi Jasbir Kaur ji Khalsa and Jathedar Sri Kesgarh Sahib.
- **Kirtan Samrat Sant Sujan Singh Memorial Award** along with Rs. 31000/= cash, Delhi.
- **Bhai Mardana Award** was given to him by Bibi Jasbir Kaur Khalsa and Jathedar Gyani Tarlochan Singh on October 20, 2009 at Takhat Sri Kesgarh Sahib.
- **Bhai Mardana Award** by Takhat Sri Keshgarh Sahib on the eve of Gurta Gaddi Diwas on October 20, 2009.

**Conferred by Societies and Associations**:

- **Padamshri Sohan Memorial Award** – May 24, 1997, Sur Sangam Cultural Society, Ludhiana.
- **Bhai Sahib Bhai Ajmer Singh Memorial Award** --------- Gurmat Sagar Trust Sri Anandpur Sahib.
- **Special Honor** October 7, 2006, by Guru Nanak Fifth Century Schools, Vicente Hills, Mansoori,
- Recently **Pandit Balwant Rai Jaswal Memorial Award – 2014** was conferred on him by at Sehgal Memorial Hall, Jalandhar.

**Conferred by Shiromani Gurdwara Prabandhak Committee**:

- **Special Award** – October 20, 2005, Shiromani Gurdwara Prabandhak Committee at Takht Sri Kesgarh Sahib.
- **Special Honor**, on the eve of $400^{th}$ Martyrdom of Guru Arjan Dev Ji, honor conferred by Shiromani Gurdwara Prabandhak Committee on ------ .
- **Special Honor –** March 31, 2006, by Shiromani Gurdwara Prabandhak Committee, on the eve of Sirjana Diwas of Sri Akal Takha Sahib.
- **Sanman** – on the eve of $300^{th}$ foundation day of Sri Akal Takht Sahib, by

Shiromani Gurdwara Prabandhak Committee.

- Shiroani Gurdwara Prabandhak committee president Jathedar Avtar Singh Makkar offered **Shiromani Ragi Award** to Professor Kartar Singh, on October 8, 2009 on the eve of Prakash Agman Gurpurab of Sri Guru Ramdas ji, at Sri Manji Sahib, Amritsar, for his contribution in propagating string instruments of Gurmat Sangeet tradition and Shabad Kirtan performance in accordance with the tradition.

Apart from above mentioned awards, Professor Kartar Singh is also honored and facilitated numerous institutions, societies and associations including **Sikh Budhijivi Society**, Ludhiana; **Punjabi Sahit Academy**, Ludhiana; **Takshila Education Society**; **Sant Gurmukh Singh and Sangat** of Gurdwara Guru Nanak Satsang Sabha, Tilak Nagar, New Delhi; **Sain Mian Mir Trust**, Ludhiana; **Global Sikh Education Foundation**; **Shubh Karman Te KabhuN Na TaroN Society**, Amritsar; **Central Khalsa Yatimkhaṇa**, Amritsar; **Bhai Vir Singh Gurmat Vidyalaya**, Amritsar; **Chief Khalsa Diwan**, Amritsar etc.

Appreciation by Giani Gurbachan Singh, **Jathedar Sri Akal Takhat Sahib**; Jathedar Avtar Singh, **president Shiromani Gurdwara Prabandhak committee**; Giani Tarlochan Singh, Ex. **Jathedar Sri Kesgarh Sahib**; Jathedar Joginder Singh Vedanti and Prof. Manjit Singh Ex. **Jathedar Sri Akal Takhat Sahib**, Bibi Jasbir Kaur Khalsa, **chairperson Sri Guru Gyan Prakash Foundation** New Delhi; Dr. Jaspal Singh, **Vice-chancellor Punjabi University**, Patiala; **Singh Bandhu S. Surinder Singh Padma Shri**, **Pandit Yashpal**, Chandigarh; Dr. Gurnam Singh, **Founder Gurmat Sangeet project**, Punjabi University, Patiala; **Dr. Jagir Singh**, **Principal Shamsher Singh Karir** etc. are the tags in his credit.

University College, Ghanaur (Patiala)

# ਭਗਤ ਰਵਿਦਾਸ : ਬਾਣੀ ਸੰਦੇਸ਼

ਪਰੋ. ਨਰਿੰਦਰਜੀਤ ਕੌਰ

ਭਗਤ ਰਵਿਦਾਸ ਜੀ ਮੱਧਕਾਲ ਵਿਚ ਇਕ ਕਰਾਂਤੀਕਾਰੀ ਰਹਿਬਰ ਦੇ ਰੂਪ ਵਿਚ ਅਵਤਾਰਿਤ ਹੋਏ। ਦੂਜੇ ਮਹਾਂਪੁਰਖਾਂ ਸੰਤਾਂ ਵਾਂਗ ਹੀ ਰਵਿਦਾਸ ਜੀ ਨੇ ਵੀ ਸਮਾਜ ਵਿਚ ਫੈਲੀ ਅਗਿਆਣਤਾ ਤੇ ਕੂੜਤਾ ਨੂੰ ਦੂਰ ਕਰਨ ਅਤੇ ਸਮਾਜ ਨੂੰ ਸੇਧ ਦੇਣ ਲਈ ਉਪਦੇਸ਼ ਦਿਤੇ। ਸੰਤ ਰਵਿਦਾਸ ਜੀ ਜਨ-ਸਾਧਾਰਣ ਲੋਕਾਂ ਦੀ ਦਸ਼ਾ ਵਿਚ ਪਰਵਿਰਤਨ ਦੇ ਮੁੱਦਈ ਸਨ। ਆਪ ਜੀ ਦੇ ਸਮੇਂ ਜਾਤ-ਪਾਤ, ਊਚ-ਨੀਚ ਵਰਗੇ ਕਰਮ ਕਾਂਡ ਸਮਾਜ ਨੂੰ ਘੁਣ ਵਾਂਗ ਖਾ ਰਹੇ ਸਨ। ਉਸ ਸਮੇਂ ਉੱਚੀਆਂ ਜਾਤੀਆਂ ਨੀਵੀਆਂ ਜਾਤੀਆਂ ਦਾ ਸੋਸ਼ਣ ਕਰਦੀਆਂ ਸਨ। ਭਗਤ ਰਵਿਦਾਸ ਜੀ ਦਾ ਰਾਗ ਬਿਲਾਵਲ ਅਧੀਨ ਨਿਮਨਲਿਖਤ ਫੁਰਮਾਨ ਮੱਧਕਾਲੀਨ ਸਥੀਤੀ ਦਾ ਚਿਤਰਣ ਕਰਦਾ ਹੈ।

■ ਦਾਲਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥
ਅਸਟ ਦਸਾ ਸਿਧਿ ਕਰ ਤਲੈ ਸਭ ਕਿਰਪਾ ਤੁਮਾਰੀ ॥ 1 ॥

ਕਿਰਤ ਕਰਨ ਵਾਲੀਆਂ ਜਾਤੀਆਂ ਦੀ ਤੇ ਉੱਚ ਵਰਗ ਦੇ ਲੋਕਾਂ ਦਾ ਵਤੀਰਾ ਬਹੁਤ ਹੀ ਨਕਾਰਾਤਮਕ ਸੀ। ਨੀਵੀਆਂ ਜਾਤੀਆਂ ਦੇ ਲੋਕ ਦਲਿਦਰਤਾ ਭਰਿਆ ਜੀਵਨ ਬਤੀਤ ਕਰਨ ਲਈ ਮਜਬੂਰ ਸਨ। ਉਨਹਾਂ ਨੂੰ ਪਿੰਡ ਜਾਂ ਸ਼ਹਿਰ ਤੋਂ ਦੂਰ ਪੱਛਮ ਦਿਸ਼ਾ ਵਿਚ ਘਰ ਅਤੇ ਬਸਤੀਆਂ ਵਸਾਉਣ ਲਈ ਸਖ਼ਤ ਫੈਸਲੇ ਸੁਨਾਏ ਗਏ।

■ ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥ 1 ॥

ਕਿਉਂਜੋ ਭਾਰਤ ਵਿਚ ਹਿੰਦੂ ਸਮਾਜ ਵੇਦਾਂ, ਸ਼ਾਸਤਰਾਂ ਦੁਆਰਾ ਦਰਸਾਈ ਗਈ ਮਰਿਆਦਾ 'ਤੇ ਅਧਾਰਿਤ ਰਿਹਾ ਹੈ। ਹਿੰਦੂ ਧਰਮ ਵਿਚ ਕੇਵਲ ਪਰੋਹਿਤਾਂ (ਬਰਾਹਮਣਾਂ) ਨੂੰ ਹੀ ਪੜਹਨ ਪੜਹਾਉਣ ਦਾ ਹੱਕ ਸੀ, ਇਸ ਲਈ ਕਿਰਤ ਰਾਹੀਂ ਗੁਜ਼ਰ ਬਸਰ ਕਰਨ ਵਾਲੀਆਂ ਇਨਹਾਂ ਜਾਤੀਆਂ ਦੀ ਦਸ਼ਾ ਦਾ ਜ਼ਿੰਮੇਵਾਰ ਪਰੋਹਿਤ ਵਰਗ ਮੰਨਿਆ ਗਿਆ। ਪਰੋ. ਮੈਕਸ ਮੂਲਰ ਅਨੁਸਾਰ, ਇਹ ਪੱਕਾ ਕਾਨੂੰਨ ਸੀ ਕਿ ਦਵਿਜ ਜਾਤਾਂ ਵਿਚੋਂ ਸਿਰਫ ਬਰਾਹਮਣ ਹੀ ਵੇਦਾਂ ਨੂੰ ਪੜਹ ਅਤੇ ਪੜਹਾ ਸਕਦੇ ਸਨ। ਸ਼ੂਦਰਾਂ ਲਈ ਵੇਦ ਪਾਠ ਬਿਲੁਕ ਹੀ ਵਰਜਿਤ ਸੀ।

ਜ਼ਾਹਿਰ ਹੈ ਕਿ ਪਰੋਹਿਤਾਂ ਨੂੰ ਗਿਆਨਵਾਨ ਮੰਨਿਆਂ ਜਾਂਦਾ ਸੀ। ਸ਼ਾਸਨ ਚਲਾਉਣ ਲਈ ਰਾਜਿਆਂ ਵਲੋਂ ਸਮੇਂ ਸਮੇਂ ਧਰਮ ਪਰੋਹਿਤਾਂ ਦੀ ਸਲਾਹ ਲਈ ਜਾਂਦੀ ਸੀ, ਜਿਸ ਕਾਰਨ ਬਰਾਹਮਣ ਵਰਗ ਘਮੰਡੀ ਹੋ ਗਿਆ। ਮੱਧਕਾਲੀਨ ਸੰਤਾਂ ਭਗਤਾਂ ਦੀ ਬਾਣੀ ਵਿਚ ਪਾਂਡਿਆਂ ਦਾ ਵਿਅਕਤਿਤਵ ਸਾਫ ਝਲਕਦਾ ਹੈ। ਰਵਿਦਾਸ, ਕਬੀਰ ਅਤੇ ਹੋਰ ਸਮਕਾਲੀਨ ਸਮਾਜ ਸੁਧਾਰਕਾਂ ਦੀਆ ਰਚਨਾਵਾਂ ਵਿਚ ਇਸ ਸਬੰਧੀ ਅਨੇਕਾਂ ਉਲੇਖ ਮਿਲਦੇ ਹਨ।

■ ਪਾਂਡੇ ਹਰਿ ਵਿਚਿ ਅੰਤਰ ਡਾਢਾ, ਮੂੰਡ ਮੁਡਾਵੈ ਸੇਵਾ ਪੂਜਾ
ਭਰਮ ਦਾ ਬੰਧਣ ਗਾੜਾ।
ਮਾਲਾ ਤਿਲਕ ਮਨੋਹਰ ਬਾਜੌ, ਲਾਗੌ ਜਮ ਕੀ ਪਾਸੀ।
ਜੋ ਹਰਿ ਸੇਤੀ ਜੋਵਿਆਂ ਚਾਹੌ, ਤੌਂ ਜਗ ਸੋਂ ਰਹੌ ਉਦਾਸੀ।

■ ਸੰਤੋ ਪਾਂਡੇ ਨਿਪੁਣ ਕਸਾਈ।
ਬਕਰਾ ਮਾਸ ਭੈਂਸਾ ਪਰ ਧਾਵੈ ਦਿਲ ਮੇਂ ਦਰਦ ਨ ਆਈਂ।
ਕਰਿ ਅਸਨਾਨ ਤਿਲਕ ਦੈ ਬੈਠੇ ਬਿਧਿ ਸੋਂ ਦੇਵਿ ਪੁਜਾਈ।
ਆਤਮ ਰਾਮ ਪਲਕ ਮੇਂ ਬਿਨਸੇ, ਰੁਧਿਰ ਕੀ ਨਦੀ ਬਹਾਈ।
ਅਤਿ ਪੁਨੀਤ ਊਚੇ ਕੁਲ ਕਹੀਏ, ਸਭਾ ਮਹਿ ਅਧਿਕਾਈ।
ਇਨਹ ਤੇ ਦੀਕਸ਼ਾ ਸਭ ਕੋਈ ਮਾਂਗੇ, ਹੰਸੀ ਆਵੇ ਮੋਹਿ ਤਾਈ।
ਪਾਪ ਕਰਨ ਕੋ ਕਥਾ ਸੁਨਾਵੇਂ, ਕਰਮ ਕਰਾਨੈ ਨੀਚਾ
ਮਹ ਤੋ ਦੂਨੋਂ ਪਰਸਪਰ ਦੇਖਾ, ਜਸ ਲਾਏ ਹੈ ਖੀਚਾ।

ਗਾਏ ਬਧੇ ਤੇ ਤੁਰੁਕ ਕਹੀਏ, ਇਨ ਤੇ ਵੇ ਕਿਆ ਛੋਟੇ।
ਕਹਿਹਿੰ ਕਬੀਰ ਸੁਨੋ ਹੇ ਸੰਤੋ, ਕਲਿ ਮਾਂ ਬਰਾਹਮਣ ਖੋਟੇ।

ਮਧਕਾਲੀਨ ਸਮਾਜ ਸੁਧਾਰਕਾਂ ਕਬੀਰ ਜੀ ਤੇ ਸੰਤ ਰਵਿਦਾਸ ਜੀ ਨੇ ਪਰੋਹਿਤ ਵਰਗ ਦਾ ਖੰਡਨ ਕੀਤਾ। ਜਿਥੇ ਭਗਤ ਕਬੀਰ ਜੀ ਨੇ ਬਰਾਹਮਣ ਵਰਗੇ 'ਤੇ ਕਰਾਰੀ ਚੋਟ ਕੀਤੀ, ਉਥੇ ਸੰਤ ਰਵਿਦਾਸ ਜੀ ਨੇ ਬੜੇ ਪਰੇਮ ਤੇ ਨਿਮਰਤਾ ਨਾਲ ਭਗਤੀ ਦਾ ਰਾਹ ਅਪਨਾਉਦਿਆਂ ਰਾਜ-ਸੱਤਾ, ਧਰਮ ਪਰੋਹਿਤਾਂ ਦੀ ਪਰਧਾਨਤਾ, ਨਿਤਾਣੇ ਅਤੇ ਨਿਆਸਰੇ ਬੀਮਾਰ ਸਮਾਜ ਦੇ ਹੱਕਾਂ ਲਈ ਬਿਗਲ ਵਜਾਇਆ। ਆਪਨੇ ਆਪਣੀਆਂ ਰਚਨਾਵਾਂ ਰਾਹੀਂ, ਜੀਵ ਦੀ ਪੰਜ ਭੂਤਕ ਦੇਹੀ ਦਾ ਉਲੇਖ ਕਰਦਿਆਂ ਦਸਿਆ ਕਿ ਹਰ ਇਕ ਪਰਾਣੀ ਦੀ ਜਨਮ ਪਰਕਰਿਆ ਇਕ ਸਮਾਨ ਹੈ। ਫਿਰ ਉੱਚੀ ਸ਼ਰੇਣੀ, ਜਾਤ-ਪਾਤ, ਵੱਡੇ-ਛੋਟੇ ਦਾ ਭੇਦ ਕਿਉਂ ਹੈ? ਵੈਸ਼ ਜਾਂ ਸ਼ੂਦਰਾਂ ਨੂੰ ਮੰਦਿਰਾਂ ਵਿਚ ਜਾਣ ਦੀ ਆਗਿਆ ਕਿਉਂ ਨਹੀਂ ਹੈ? ਸੰਤ ਰਵਿਦਾਸ ਜੀ ਨੇ ਤਿਸਕਰਿਤ ਵਰਗ ਨੂੰ ਮੋਕਸ਼ ਪਰਾਪਤੀ ਦਾ ਸਾਧਨ ਦਸਦਿਆਂ ਨਿਰਾਕਾਰ ਦੀ ਨਿਰਗੁਣ ਭਗਤੀ ਦਾ ਸੰਦੇਸ਼ ਦਿੱਤਾ। ਉਨਹਾਂ ਅਨੁਸਾਰ ਕਿ ਪਰਭੂ ਦੀ ਭਗਤੀ ਲਈ ਕਿਸੇ ਮੰਦਰ, ਮੂਰਤ ਜਾਂ ਵਸਤੂ ਅਰਪਣ ਦੀ ਜ਼ਰੂਰਤ ਨਹੀਂ, ਨਿਰਾਕਾਰ ਅਕਾਲ-ਪੁਰਖ ਦੇ ਚਰਨਾਂ ਵਿਚ ਮਨ ਤਨ ਅਰਪਣ ਕਰਨਾਂ ਹੀ ਪਰਭੂ ਭਗਤੀ ਹੈ। ਗੂਜਰੀ ਰਾਗ ਅਧੀਨ ਭਗਤ ਰਵਿਦਾਸ ਜੀ ਦੀ ਬਾਣੀ ਹੈ:

ਤਨ ਮਨੁ ਅਰਪਉ ਪੂਜ ਚਰਾਵਉ ॥
ਗੁਰ ਪਰਸਾਦਿ ਨਿਰੰਜਨੁ ਪਾਵਉ ॥

ਰਵਿਦਾਸ ਜੀ ਅਨੁਸਾਰ, ਪਰਮਾਤਮਾ ਭਗਤੀ ਰਾਹੀਂ ਵਿਚ ਊਚ-ਨੀਚ ਦੇ ਭੇਦ ਨੂੰ ਖ਼ਤਮ ਹੋ ਜਾਂਦਾ ਹੈ ਅਤੇ ਪਰੇਮ ਪਿਆਰ ਦੀ ਸੋਝੀ ਆ ਜਾਂਦੀ ਹੈ। ਰਾਗ ਆਸਾ ਅਧੀਨ ਭਗਤ ਰਵਿਦਾਸ ਜੀ ਦਾ ਫੁਰਮਾਨ ਹੈ:

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥

ਪਰਮਾਤਮਾ ਹਮੇਸ਼ਾਂ ਗ਼ਰੀਬਾਂ ਨੂੰ ਨਿਵਾਜਦਾ ਹੈ ਤੇ ਉਨਾਂ ਦੇ ਸਿਰ 'ਤੇ ਤਾਜਜ ਸਜਾ ਦਿੰਦਾ ਹੈ। ਪਰਮਾਤਮਾ ਦੀ ਭਗਤੀ ਨਾਲ ਇਹ ਬਕਸ਼ਿਸ਼ ਪਰਾਪਤ ਹੁੰਦੀ ਹੈ। ਮਾਰੂ ਰਾਗ ਅਧੀਨ ਭਗਤ ਰਵਿਦਾਸ ਜੀ ਦਾ ਫੁਰਮਾਨ ਹੈ:

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤਰ ਧਰੈ ॥ 1 ॥

ਭਗਤ ਰਵਿਦਾਸ ਜੀ ਦੁਆਰਾ ਸਮਾਜ ਵਿਚ ਸੱਚ ਤੇ ਹੱਕ ਦੇ ਬਿਗੁਲ ਨੂੰ ਬੁਲੰਦ ਆਵਾਜ਼ ਦੇਣਾ, ਇਕ ਇਨਕਲਾਬ ਸੀ। ਉਸ ਸਮੇਂ ਸਾਥ ਦੇਣ ਵਾਲਾ ਸਮਾਜ ਅਜੇ ਨਹੀਂ ਸੀ ਬਣਿਆਂ। ਸਥਾਪਤ ਵਿਵਸਥਾ ਦਾ ਵਿਰੋਧ ਕਰਨ ਵਾਲਿਆਂ ਦਾ ਨਾਮੋਂ-ਨਿਸ਼ਾਨ ਮਿਟਾ ਦਿੱਤਾ ਜਾਂਦਾ ਸੀ। ਰਵਿਦਾਸ ਜੀ ਨੇ ਆਪਣੀਆਂ ਰਚਨਾਵਾਂ ਨਾਲ ਸੰਦੇਸ਼ ਦਿੱਤਾ ਕਿ, ਉੱਚਾ ਉਦੇਸ਼, ਉੱਚੀ ਸੋਚ, ਚੰਗੇ ਮਾੜੇ ਦੀ ਪਰਖ, ਸੱਚ-ਝੂਠ ਦਾ ਨਿਖੇੜਾ, ਪਰਮਾਤਮਾ ਦੀ ਲਗਨ ਵਿਚ ਰਮਿਆ ਮਨੁੱਖਾ ਜੀਵਨ ਹੀ ਉੱਤਮ ਤੇ ਸਰੇਸ਼ਠ ਹੈ, ਜੋ ਕਿਸੇ ਵੀ ਤਰਿਸਕਾਰ ਦਾ ਮੁੱਦਈ ਨਹੀਂ। ਗੁਰੂ ਤੋਂ ਪਰਾਪਤ ਨਾਮ ਦਾ ਭਜਨ ਕਰ ਕੇ ਜਾਤਿ, ਜਨਮ ਅਧੀਨ ਇਸ ਸੰਸਾਰ ਦੇ ਆਵਾਗਮਨ ਤੋਂ ਬਚਿਆ ਜਾ ਸਕਦਾ ਹੈ।

ਕਹਿ ਰਵਿਦਾਸ ਜੋ ਜਪੈ ਨਾਮੁ ॥
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥ 4 ॥ 1 ॥

Head
Department of Music
RSD College, Firozepur

# ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ

ਡਾ.ਗੁਰਨਾਮ ਸਿੰਘ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਦਾ ਮਨੋਰਥ ਗੁਰਮਤਿ ਸੰਗੀਤ ਦੀ ਪ੍ਰਮਾਣਿਕ ਪ੍ਰੰਪਰਾਗਤ ਕੀਰਤਨ ਸ਼ੈਲੀ ਦੇ ਸ਼ੁੱਧ ਤੇ ਅਸਲ ਰੂਪ ਵਿੱਚ ਵਿਦਿਆਰਥੀਆਂ ਦੀ ਘਾੜਤ ਘੜਣਾ ਹੈ, ਤਾਂ ਜੋ ਉਹ ਟਕਸਾਲੀ ਕੀਰਤਨੀਏ ਬਣ ਸਕਣ। ਇਸ ਮੰਤਵ ਲਈ ਇਸ ਸੰਸਥਾ ਵਿਚ ਤੰਤੀ ਸਾਜ਼ਾਂ ਦੁਆਰਾ ਭਾਰਤੀ ਸੰਗੀਤ ਦੇ ਪ੍ਰਚਲਿਤ ਰਾਗਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਖ ਰਾਗਾਂ ਤੇ ਮਿਸ਼ਰਤ ਰਾਗਾਂ ਦੀ ਕੀਰਤਨ ਸ਼ੈਲੀ ਵਿਚ ਵੱਖ-ਵੱਖ ਕੀਰਤਨ ਚਉਕੀਆਂ ਦੀ ਸਿਖਲਾਈ ਦਿਤੀ ਜਾਂਦੀ ਹੈ। ਗੁਰਮਤਿ ਸੰਗੀਤ ਅਕੈਡਮੀ ਦਾ ਉਦਘਾਟਨ ਮਿਤੀ 17 ਦਸੰਬਰ, 1999 ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਉਸ ਸਮੇਂ ਦੇ ਪ੍ਰਧਾਨ ਬੀਬੀ ਜਗੀਰ ਕੌਰ (ਸ਼੍ਰੋ.ਗੁ.ਪ੍ਰ.ਕਮੇਟੀ) ਅੰਮ੍ਰਿਤਸਰ, ਡਾ. ਗੁਰਬਚਨ ਸਿੰਘ ਸਕੱਤਰ (ਸ਼੍ਰੋ.ਗੁ.ਪ੍ਰਬ.ਕਮੇਟੀ) ਸ੍ਰੀ ਅੰਮ੍ਰਿਤਸਰ ਆਦਿ ਪਤਵੰਤੀਆਂ ਸ਼ਖਸੀਅਤਾਂ ਨੇ ਕੀਤਾ। ਗਿਆਨੀ ਤਰਲੋਚਨ ਸਿੰਘ ਹੈਡ ਗ੍ਰੰਥੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੇ ਹੋਰ ਆਗੂ ਤੇ ਇਲਾਕੇ ਦੀਆਂ ਸਭਾ ਸੁਸਾਇਟੀਆਂ ਸ਼ਾਮਲ ਹੋਈਆਂ। ਗੁਰਮਤਿ ਸੰਗੀਤ ਅਕੈਡਮੀ ਦੀਆਂ ਕਲਾਸਾਂ ਦੀ ਆਰੰਭਤਾ 20 ਦਸੰਬਰ 1999 ਨੂੰ ਹੋਈ।

ਇਸ ਅਦਾਰੇ ਦੀ ਸਥਾਪਤੀ ਉਪਰੰਤ ਇਸ ਦੇ ਡਾਇਰੈਕਟਰ ਗੁਰਮਤਿ ਸੰਗੀਤ ਦੇ ਸਿਰਮੌਰ ਵਿਦਵਾਨ ਅਤੇ ਕੀਰਤਨੀਏ ਪ੍ਰੋ. ਕਰਤਾਰ ਸਿੰਘ ਜੀ ਨੂੰ ਥਾਪਿਆ ਗਿਆ ਜੋ ਬੜੀ ਤਨਦੇਹੀ ਨਾਲ ਸਮਰਪਿਤ ਹੋ ਕੇ ਇਹ ਸੇਵਾ ਕਰ ਰਹੇ ਹਨ। ਪ੍ਰੋ. ਕਰਤਾਰ ਸਿੰਘ ਜੀ ਕੋਲ ਸੰਗੀਤ ਵਿਸ਼ੇ ਵਿਚ ਕਾਲਜ ਅਧਿਆਪਨ ਦਾ ਜਿਥੇ ਲੰਮਾ ਤਜਰਬਾ ਸੀ, ਉਥੇ ਆਪ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ 'ਰਾਗ ਨਿਰਣਾਇਕ ਕਮੇਟੀ' ਤੋਂ ਇਲਾਵਾ ਕੀਰਤਨ ਦੇ ਕਿਰਿਆਤਮਕ ਖੇਤਰ ਵਿਚ ਵੀ ਉਘਾ ਯੋਗਦਾਨ ਪਾਇਆ। ਕਾਲਜ ਦੇ ਵਿਦਿਆਰਥੀਆਂ ਨੂੰ ਗੁਰੂ ਘਰ ਦੀ ਰਾਗਾਤਮਕ ਕੀਰਤਨ ਪਰੰਪਰਾ ਨਾਲ ਜੋੜਨ ਵਿਚ ਆਪ ਦਾ ਨਿਵੇਕਲਾ ਯੋਗਦਾਨ ਰਿਹਾ। ਆਪ ਨੇ ਗੁਰਮਤਿ ਸੰਗੀਤ ਉਤੇ ਕਈ ਮਹੱਤਵਪੂਰਨ ਪੁਸਤਕਾਂ ਪ੍ਰਦਾਨ ਕੀਤੀਆਂ ਹਨ। ਆਪ ਦੀ ਪ੍ਰਾਪਤੀਆਂ ਕਰਕੇ ਹੀ ਆਪ ਨੂੰ ਗੁਰਮਤਿ ਸੰਗੀਤ ਦੇ ਖੇਤਰ ਵਿਚ ਰਾਸ਼ਟਰਪਤੀ ਐਵਾਰਡ, ਟੈਗੋਰ ਐਵਾਰਡ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ਼੍ਰੋਮਣੀ ਰਾਗੀ ਵਰਗੇ ਉਚਤਮ ਐਵਾਰਡ ਪ੍ਰਾਪਤ ਹੋ ਚੁਕੇ ਹਨ ਜੋ ਆਪ ਦੀ ਲਗਨ, ਸਿਰੜ ਤੇ ਇਸ ਖੇਤਰ ਵਿਚ ਸਾਧਨਾ ਦੀ ਤਸਦੀਕ ਕਰਦੇ ਹਨ। ਇਸੇ ਕਰਕੇ ਹੀ ਪੰਜਾਬੀ ਯੂਨੀਵਰਸਿਟੀ ਵਿਚ ਆਪ ਨੂੰ ਗੁਰਮਤਿ ਸੰਗੀਤ ਫੈਲੋਸ਼ਿਪ ਪ੍ਰਦਾਨ ਕੀਤੀ ਹੈ। ਅਜਿਹੇ ਕਰਮਯੋਗੀ ਨੂੰ ਗੁਰਮਤਿ ਸੰਗੀਤ ਅਕੈਡਮੀ ਦੀ ਵਾਗਡੋਰ ਸੰਭਾਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਲਾਘਾਯੋਗ ਉਪਰਾਲਾ ਕੀਤਾ, ਜੋ ਸਫਲ ਰਿਹਾ। ਸਚਮੁਚ ਹੀ ਇਸ ਸੰਸਥਾ ਦੀ ਸਥਾਪਤੀ ਤੋਂ ਪਹਿਲਾਂ ਕੋਈ ਸੰਸਥਾ ਗੁਰੂ ਘਰ ਦੀ ਰਾਗ ਪਰੰਪਰਾ ਅਤੇ ਤੰਤੀ ਸਾਜ਼ਾਂ ਦੀ ਸਿਖਲਾਈ ਨੂੰ ਪੂਰਨ ਰੂਪ ਵਿਚ ਸਮਰਪਿਤ ਨਹੀਂ ਸੀ।

ਗੁਰਮਤਿ ਸੰਗੀਤ ਅਕੈਡਮੀ ਦਾ ਪਾਠਕ੍ਰਮ ਬਾਕੀ ਮਿਸ਼ਨਰੀ ਕਾਲਜ ਨਾਲੋਂ ਵੱਖਰਾ ਬਣਾਇਆ ਗਿਆ ਕਿਉਂ ਜੋ ਇਸਦਾ ਮਨੋਰਥ ਅਤੇ ਕਾਰਜ ਪ੍ਰਕ੍ਰਿਆ ਅੱਲਗ ਸੀ। ਵਿਦਿਆਰਥੀ ਅੰਮ੍ਰਿਤ ਵੇਲੇ ਤੋਂ ਲੈ ਕੇ ਰਾਤ ਤੱਕ ਨਿਤਨੇਮ,

ਸਵਰ ਸਾਧਨਾ, ਕੀਰਤਨ ਅਭਿਆਸ, ਬਾਣੀ ਕੰਠ ਕਰਨ, ਸੇਵਾ ਕਰਨੀ ਤੇ ਸਿੱਖ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਨਿਰੰਤਰ ਜੁਟੇ ਰਹਿੰਦੇ ਪਰ ਇਸਦੇ ਨਾਲ ਤੰਤੀ ਸਾਜ਼ ਦੁਆਰਾ ਸ਼ੁੱਧ ਰਾਗਾਤਮਕ ਪਰੰਪਰਾ ਦੀ ਉਸਾਰੀ ਦੀ ਬੁਨਿਆਦ ਉਚੇਚੇ ਤੌਰ 'ਤੇ ਰਖੀ ਗਈ। ਪ੍ਰੋ. ਕਰਤਾਰ ਸਿੰਘ ਨੇ ਆਪਣੀ ਟੀਮ ਵਿਚ ਭਾਈ ਪਿਆਰਾ ਸਿੰਘ ਪਦਮ ਨੂੰ ਤੰਤੀ ਸਾਜ਼ਾਂ ਦੀ ਸਿਖਲਾਈ ਲਈ ਰਖਿਆ।

ਅਕੈਡਮੀ ਵਿਚ 10+2 ਪਾਸ ਵਿਦਿਆਰਥੀ ਦਾਖਲਾ ਲੈ ਕੇ ਕੀਰਤਨ ਗਾਇਨ (ਤੰਤੀ ਸਾਜ਼ਾਂ ਸਹਿਤ) ਤੇ ਤਬਲਾ ਵਾਦਨ ਵਿਚ ਸਿਖਿਆ ਲੈਂਦੇ ਹਨ। ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਹੁਣ ਤੱਕ ਚਾਰ ਸੈਸ਼ਨ ਤੰਤੀ ਸਾਜਾਂ ਦੁਆਰਾ ਕੀਰਤਨ ਸਿਖਲਾਈ ਪ੍ਰਾਪਤ ਕਰ ਚੁਕੇ ਹਨ ਜਿਨ੍ਹਾਂ ਵਿੱਚ 123 ਵਿਦਿਆਰਥੀ ਕੀਰਤਨ ਸਿਖਲਾਈ ਪ੍ਰਾਪਤ ਕਰਕੇ ਵੱਖ-ਵੱਖ ਇਤਿਹਾਸਿਕ ਤੇ ਹੋਰ ਗੁਰ ਅਸਥਾਨਾਂ ਤੇ ਤੰਤੀ ਸਾਜ਼ਾਂ ਦੁਆਰਾ ਦੇਸ਼ ਤੇ ਵਿਦੇਸ਼ਾਂ ਵਿੱਚ ਕੀਰਤਨ ਸੇਵਾ ਨਿਭਾ ਰਹੇ ਹਨ। ਕੁਝ ਵਿਦਿਆਰਥੀ ਸੰਗੀਤ ਅਧਿਆਪਕ ਦੀਆਂ ਸੇਵਾਵਾਂ ਨਿਭਾ ਰਹੇ ਹਨ। ਜਿਨ੍ਹਾਂ ਵਿਚੋਂ ਵੇਰਵਾ ਇਸ ਪ੍ਰਕਾਰ ਹੈ। ਭਾਈ ਹਰਪਿੰਦਰ ਸਿੰਘ, ਭਾਈ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਚਾਨਕ ਸਿੰਘ ਹਜ਼ੂਰੀ ਰਾਗੀ ਜਥਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਭਾਈ ਗੁਲਜਾਰ ਸਿੰਘ, ਭਾਈ ਜਗਵਿੰਦਰ ਸਿੰਘ, ਭਾਈ ਰਾਜਵੀਰ ਸਿੰਘ, ਭਾਈ ਹਰਜੋਤ ਸਿੰਘ, ਭਾਈ ਮਨਜੀਤ ਸਿੰਘ, ਭਾਈ ਬੱਗਾ ਸਿੰਘ, ਭਾਈ ਦਵਿੰਦਰ ਸਿੰਘ, ਭਾਈ ਜਸਪਿੰਦਰ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਗੁਰਜੰਟ ਸਿੰਘ, ਭਾਈ ਸੁਖਜੀਤ ਸਿੰਘ, ਭਾਈ ਗੁਰਦਿੱਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਹਰਵਿੰਦਰ ਸਿੰਘ, ਭਾਈ ਗੁਰਦਿਆਲ ਸਿੰਘ, ਦਿਲਬਰ ਸਿੰਘ ਦੇ ਰਾਗੀ ਜਥੇ ਵਿਸ਼ੇਸ਼ ਹਨ। ਇਸੇ ਤਰ੍ਹਾਂ ਦਿਲਰੁਬਾ ਵਾਦਕ ਤੇ ਤੰਤੀ ਸਾਜ਼ ਵਾਦਕ ਵਜੋਂ ਭਾਈ ਕੁਲਦੀਪ ਸਿੰਘ, ਭਾਈ ਰਵਿੰਦਰ ਸਿੰਘ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਭਾਈ ਨੌਨਿਹਾਲ ਸਿੰਘ, ਭਾਈ ਨਵਜਿੰਦਰ ਸਿੰਘ, ਭਾਈ ਗੁਰਸੇਵਕ ਸਿੰਘ, ਭਾਈ ਪਪਿੰਦਰ ਸਿੰਘ, ਭਾਈ ਹਰਦੀਪ ਸਿੰਘ, ਭਾਈ ਗੁਰਵਿੰਦਰ ਸਿੰਘ, ਭਾਈ ਹਰਪ੍ਰੀਤ ਸਿੰਘ, ਭਾਈ ਦਲਜੀਤ ਸਿੰਘ ਵੱਖ-ਵੱਖ ਗੁਰ ਅਸਥਾਨਾਂ ਤੇ ਸੇਵਾ ਕਰ ਰਹੇ ਹਨ। ਸੰਗੀਤ ਅਧਿਆਪਕ ਵਜੋਂ ਸ. ਸੁਖਜਿੰਦਰ ਸਿੰਘ, ਸ. ਕਸ਼ਮੀਰ ਸਿੰਘ, ਸ. ਇਕਬਾਲ ਸਿੰਘ, ਸ. ਜਗਦੀਪ ਸਿੰਘ, ਸ. ਬਲਤੇਜ ਸਿੰਘ, ਸ. ਸੁਖਵਿੰਦਰ ਸਿੰਘ, ਸ. ਨਵਜਿੰਦਰ ਸਿੰਘ, ਸ. ਪਪਿੰਦਰ ਸਿੰਘ, ਸ. ਹਰਦੀਪ ਸਿੰਘ, ਸ. ਸਤਬੀਰ ਸਿੰਘ ਅਤੇ ਸ. ਸਤਿੰਦਰਪਾਲ ਸਿੰਘ ਨਿਰੰਤਰ ਸੇਵਾ ਕਰ ਰਹੇ ਹਨ।

ਫੀਲਡ ਟ੍ਰੇਨਿੰਗ ਪ੍ਰੋਗਰਾਮ ਦੇ ਤਹਿਤ ਵਿਦਿਆਰਥੀਆਂ ਨੇ ਜੰਮੂ ਕਸ਼ਮੀਰ, ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਪੰਜਾਬ ਦੇ ਪ੍ਰਮੁੱਖ ਗੁਰ ਅਸਥਾਨਾਂ ਤੇ ਕੀਰਤਨ ਸੇਵਾ ਨਿਭਾਈ ਤੇ ਵੱਖ ਵੱਖ ਸ਼ਹਿਰਾਂ ਤੇ ਕਸਬਿਆਂ ਵਿੱਚ ਜਾ ਕੇ ਗੁਰਮਤਿ ਸੰਗੀਤ ਦੇ ਪ੍ਰਚਾਰ ਵਿੱਚ ਅਹਿਮ ਯੋਗਦਾਨ ਪਾਇਆ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਗੁਰਮਤਿ ਸੰਗੀਤ ਉਤਸਵ ਤੇ ਸ਼ਬਦ ਕੀਰਤਨ ਪ੍ਰਤਿਯੋਗਤਾਵਾਂ ਪਿਛਲੇ ਕੁੱਝ ਸਾਲਾਂ ਤੋਂ ਸ਼ੁਰੂ ਕੀਤੀਆਂ ਗਈਆਂ ਹਨ। ਇਹਨਾਂ ਪ੍ਰਤਿਯੋਗਤਾਵਾਂ ਵਿਚ ਵਿਦਿਆਰਥੀ ਸਾਲ 2008 ਤੋਂ ਹਿਸਾ ਲੈਂਦੇ ਆ ਰਹੇ ਹਨ ਅਤੇ ਕਈ ਇਨਾਮ ਜਿਤੇ ਹਨ। ਸਾਲ 2000 ਤੋਂ ਅਕੈਡਮੀ ਦੇ ਵਿਦਿਆਰਥੀ ਵੱਖ-ਵੱਖ ਜੱਥਿਆਂ ਦੇ ਰੂਪ ਵਿੱਚ ਹੋਲਾ ਮਹੱਲਾ ਸਮੇਂ ਬਸੰਤ ਕੀਰਤਨ ਦਰਬਾਰ ਤੇ ਵਿਸਾਖੀ ਤੇ ਹੋਰ ਸਲਾਨਾਂ ਸਮਾਗਮਾਂ ਤੋਂ ਇਲਾਵਾ

ਵੱਖ ਵੱਖ ਗੁਰੂ ਘਰਾਂ ਵਿਚ ਕੀਰਤਨ ਦੀ ਸੇਵਾ ਕਰਦੇ ਆ ਰਹੇ ਹਨ।

ਗੁਰਮਤਿ ਸੰਗੀਤ ਅਕੈਡਮੀ ਤੋਂ ਤਾਲੀਮ ਪ੍ਰਾਪਤ ਕੀਰਤਨੀਆਂ ਵਿਚ ਸ਼ੁੱਧ ਰਾਗਾਤਮਕ ਕੀਰਤਨ ਦੀ ਚੇਟਕ ਲਗਾਉਣ ਵਿਚ ਪ੍ਰੋ. ਕਰਤਾਰ ਸਿੰਘ ਸਫਲ ਰਹੇ ਹਨ। ਆਪ ਖੁਦ ਤਾਨਪੂਰੇ ਤੇ ਕੀਰਤਨ ਕਰਦੇ ਹਨ ਅਤੇ ਵਿਦਿਆਰਥੀਆਂ ਨੂੰ ਇਸ ਤੰਤੀ ਸਾਜ਼ 'ਤੇ ਕੀਰਤਨ ਕਰਨ ਦੀ ਪ੍ਰੇਰਨਾ ਦਿੰਦੇ ਰਹੇ। ਆਪ ਦੁਆਰਾ ਤਿਆਰ ਕੀਤੇ ਜਥੇ ਤਾਨਪੂਰਾ ਤੇ ਹਰਮੋਨੀਅਮ ਦੋਵੇਂ ਸਾਜ਼ਾਂ ਤੇ ਕੀਰਤਨ ਕਰਦੇ ਹਨ। ਰਾਗਾਂ ਦੇ ਨਾਲ-ਨਾਲ ਇਨ੍ਹਾਂ ਨੂੰ ਸ਼ਬਦ ਕੀਰਤਨ ਗਾਇਕੀ ਲਈ ਵਿਸ਼ੇਸ਼ ਤਾਲਾਂ ਦਾ ਅਭਿਆਸ ਵੀ ਇਸੇ ਸੰਸਥਾ ਦੀ ਵਿਸ਼ੇਸ਼ਤਾ ਹੈ। ਵਿਦਿਆਰਥੀਆਂ ਨੂੰ ਭਿੰਨ-ਭਿੰਨ ਤਾਲਾਂ ਵਿਚ ਸਹਿਜਮਈ ਕੀਰਤਨ ਦੀ ਪ੍ਰੇਰਨਾ ਦਿਤੀ ਜਾਂਦੀ ਹੈ। ਸਮਕਾਲੀ ਲੋਕ ਪ੍ਰਿਯ ਕੀਰਤਨ ਦੇ ਪ੍ਰਵਾਹ ਵਿਚ ਕੇਵਲ ਤੰਤੀ ਸਾਜ਼ਾਂ ਨਾਲ ਕੀਰਤਨ ਕਰਨਾ ਇਨ੍ਹਾਂ ਵਿਦਿਆਰਥੀਆਂ ਨੂੰ ਕਠਿਨ ਵੀ ਲਗਦਾ ਹੋਵੇਗਾ ਪਰ ਅਸੀਂ ਸਾਰੇ ਸ਼ੁਭਚਿੰਤਨ ਇਨ੍ਹਾਂ ਵਿਦਿਆਰਥੀਆਂ ਤੋਂ ਇਹ ਆਸ ਕਰਦੇ ਹਾਂ ਕਿ ਇਹ ਕੀਰਤਨੀਏ ਆਪਣੀ ਪਰੰਪਰਾ ਨੂੰ ਕਾਇਮ ਰਖਦਿਆਂ ਤੰਤੀ ਸਾਜ਼ਾਂ ਤਾਨਪੂਰਿਆਂ ਨਾਲ ਕੀਰਤਨ ਕਰਦੇ ਰਹਿਣਗੇ ਤਾਂ ਜੋ ਇਸ ਅਕੈਡਮੀ ਦੀ ਸਥਾਪਨਾ ਦਾ ਉਦੇਸ਼ ਵੀ ਪੂਰਾ ਹੋ ਸਕੇ। ਇਨ੍ਹਾਂ ਦੀ ਪਛਾਣ ਵੀ ਸੁਰੱਖਿਅਤ ਹੋ ਸਕੇ ਅਤੇ ਪ੍ਰੋ. ਕਰਤਾਰ ਸਿੰਘ ਸਮੇਤ ਅਸੀਂ ਸਾਰੇ ਇਨ੍ਹਾਂ 'ਤੇ ਮਾਣ ਕਰ ਸਕੀਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਰਤਮਾਨ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਜਿਨ੍ਹਾਂ ਤੰਤੀ ਸਾਜ਼ਾਂ ਨੂੰ ਦਰਬਾਰ ਸਾਹਿਬ ਤੋਂ ਮੁੜ ਆਰੰਭ ਕਰਨ ਦੇ ਕਾਰਜ ਵਿਚ ਅਹਿਮ ਭੂਮਿਕਾ ਨਿਭਾਈ, ਹਮੇਸ਼ਾਂ ਤੰਤੀ ਸਾਜ਼ ਵਿਦਿਆਰਥੀਆਂ ਨੂੰ ਤਰਜੀਹ ਦਿੰਦੇ ਆ ਰਹੇ ਹਨ ਤੇ ਭਵਿੱਖ ਵਿਚ ਵੀ ਇਨ੍ਹਾਂ ਦੀ ਸਰਪਰਸਤੀ ਦੀ ਆਸ ਹੈ।

ਗੁਰਮਤਿ ਸੰਗੀਤ ਅਕੈਡਮੀ ਨੇ ਪ੍ਰੋ. ਕਰਤਾਰ ਸਿੰਘ ਜੀ ਦੀ ਅਗਵਾਈ ਵਿਚ ਆਪਣੇ ਸਥਾਪਨਾ ਮਨੋਰਥ ਦੀ ਪੂਰਤੀ ਲਈ ਸਾਰਥਕ ਯੋਗਦਾਨ ਪਾਇਆ ਹੈ। ਸਾਨੂੰ ਸਾਰਿਆਂ ਨੂੰ ਇਸ ਤੇ ਮਾਣ ਹੈ। ਗੁਰਮਤਿ ਸੰਗੀਤ ਅਕੈਡਮੀ ਨੌਜੁਆਨ ਸਿਖਿਆਰਥੀਆਂ ਨੂੰ ਪੂਰਨ ਗੁਰਮਤਿ ਦੇ ਮਾਹੌਲ ਵਿਚ ਅਨੁਸ਼ਾਸਿਤ ਕਰਕੇ ਸੰਗੀਤ ਦੀ ਤਾਲੀਮ ਦੇ ਰਹੀ ਹੈ। ਇਸ ਸੰਸਥਾ ਦੀ ਮੂਲ ਪ੍ਰਕ੍ਰਿਤੀ ਤੇ ਸਥਾਪਨਾ ਪਿਛੇ ਮੂਲ ਭਾਵਨਾ ਨੂੰ ਸਮਝਣ ਤੇ ਹੋਰ ਵਧੇਰੇ ਸਾਰਥਕ ਰੂਪ ਵਿਚ ਸਾਕਾਰ ਕਰਨ ਦੀ ਜ਼ਰੂਰਤ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਅਕੈਡਮੀ ਨੂੰ ਹੋਰ ਵਿਸਥਾਰ ਦੇ ਸਕਦੀ ਹੈ ਤਾਂ ਜੋ ਇਥੋਂ ਗੁਰਮਤਿ ਸੰਗੀਤ ਅਧਿਆਪਕਾਂ ਦੀ ਘਾਟ ਪੂਰੀ ਕੀਤੀ ਜਾ ਸਕੇ। ਗੁਰਮਤਿ ਸੰਗੀਤ ਦੇ ਐਡਵਾਂਸ ਕੋਰਸਾਂ ਨੂੰ ਸਟੱਡੀ ਲਈ ਇਸ ਅਦਾਰੇ ਤੋਂ ਸੇਵਾ ਲਈ ਜਾ ਸਕੇ। ਭਵਿੱਖ ਵਿਚ ਅਸੀਂ ਆਸ ਰਖਦੇ ਹਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੰਤੀ ਸਾਜ਼ 'ਤੇ ਕੀਰਤਨ ਕਰਨ ਵਾਲੇ ਕੀਰਤਨੀਆਂ ਨੂੰ ਵਿਸ਼ੇਸ਼ ਉਤਸ਼ਾਹ ਤੇ ਰੁਤਬਾ ਦਿੰਦਿਆਂ ਇਸਨੂੰ ਸਹਿਯੋਗ ਤੇ ਸਰਪਰਸਤੀ ਦੇਵੇਗੀ।

# ਭਾਈ ਮਰਦਾਨਾ ਜੀ

ਸੁਰਜੀਤ ਸਿੰਘ 'ਦਿਲਾ ਰਾਮ'

ਜਦੋਂ ਵੀ ਕਿਤੇ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਦੀ ਗੱਲ ਚੱਲਦੀ ਹੋਵੇ ਤਾਂ ਭਾਈ ਮਰਦਾਨੇ ਦਾ ਜ਼ਿਕਰ ਨਾ ਹੋਵੇ ਇਹ ਹੋ ਨਹੀਂ ਸਕਦਾ। ਸਭ ਤੋਂ ਵੱਧ ਗੁਰੂ ਬਾਬੇ ਨਾਨਕ ਨਾਲ ਰਹਿਣ ਦਾ ਸੁਭਾਗ ਵੀ ਭਾਈ ਮਰਦਾਨੇ ਨੂੰ ਹੀ ਪ੍ਰਾਪਤ ਹੋਇਆ ਹੈ। ਕਈ ਸਦੀਆਂ ਤੱਕ ਭਾਈ ਮਰਦਾਨਾ ਜੀ ਨੂੰ ਭੁੱਖੇ, ਤਿਹਾਏ, ਡਰਪੋਕ ਤੇ ਆਮ ਜਿਹਾ ਮਰਾਸੀ ਸਮਝਿਆ ਜਾਂਦਾ ਰਿਹਾ ਹੈ ਪਰ ਜਦੋਂ ਉਨ੍ਹਾਂ ਦਾ ਜੀਵਨ ਦੇਖੀਏ ਤਾਂ ਪਤਾ ਲੱਗਦਾ ਕਿ ਉਹ ਨਿਰਕਪਟ, ਸੂਰਮਾ, ਸਮੇਂ ਨਾਲ ਲੜਨ ਵਾਲਾ , ਦੁੱਖਾਂ ਨੂੰ ਹੱਸ ਕੇ ਝੱਲਣ ਵਾਲਾ, ਰਾਗ ਵਿੱਦਿਆ ਵਿਚ ਪ੍ਰਬੀਨ, ਗੁਰੂ ਦਾ ਹੁਕਮ ਮੰਨਣ ਵਾਲਾ, ਨਿਰਭੈ ਤੇ ਗੁਰੂ ਨਾਨਕ ਸਾਹਿਬ ਜੀ ਦਾ ਅਜਿਹਾ ਸਾਥੀ ਸੀ ਜਿਸ ਨੇ ਹਰ ਦੁੱਖ ਤੇ ਆਈ ਔਕੜ ਦਾ ਡੱਟ ਕੇ ਮੁਕਾਬਲਾ ਕੀਤਾ ।

ਗੁਰੂ ਨਾਨਕ ਦੇ ਇਸ ਸਾਥੀ ਦਾ ਜਿਕਰ ਭਾਈ ਗੁਰਦਾਸ ਜੀ ਨੇ ਆਪਣ ਵਾਰ ਵਿਚ ਵੀ ਕੀਤਾ :-

"ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ ।"

ਭਾਈ ਮਰਦਾਨਾ ਜੀ ਮਹਾਰਾਜ ਤੋਂ ਦਸ ਸਾਲ ਵੱਡੇ ਸਨ। ਭਾਈ ਕਾਨ੍ਹ ਸਿੰਘ ਜੀ ਦੇ ਮਹਾਨ ਕੋਸ਼ ਅਨੁਸਾਰ ਭਾਈ ਮਰਦਾਨਾ ਜੀ ਦਾ ਜਨਮ ਤਲਵੰਡੀ ਵਿਖੇ ਸੰਨ 1459 ਈ: ਨੂੰ ਹੋਇਆ । ਭਾਈ ਮਰਦਾਨਾ ਜੀ ਦਾ ਬਚਪਨ ਦਾ ਪਾਵਨ ਨਾਂ 'ਦਾਨਾ' ਸੀ । 'ਮਰਦਾਨਾ' ਉਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਜੀ ਵਲੋਂ ਮਿਲਿਆ ਖਿਤਾਬ ਸੀ। ਭਾਈ ਦਾਨਾ ਜੀ ਦੇ ਪਿਤਾ ਦਾ ਨਾਂ ਭਾਈ ਬਦਰੇ ਤੇ ਮਾਤਾ ਦਾ ਨਾਂ ਮਾਈ ਲੱਖੋ ਸੀ।

ਭਾਈ ਮਰਦਾਨਾ ਜੀ ਨੂੰ ਰਾਗ ਵਿੱਦਿਆ ਪੁਰਖਿਆਂ ਵਿਚੋਂ ਹੀ ਮਿਲੀ ਸੀ। ਸੁਰੀਲਾ ਗਲਾ ਰਬ ਦੀ ਦੇਣ ਸੀ ਤੇ ਰਾਗ-ਗਾਇਕੀ ਦੀ ਸੂਝ ਪਿਤਾ-ਪੁਰਖੀ ਤੋਂ ਪ੍ਰਾਪਤ ਹੋਈ। ਬਹੁਤ ਘੱਟ ਲੋਕ ਜਾਣਦੇ ਹਨ ਕਿ ਸੰਸਾਰ ਪ੍ਰਸਿੱਧ ਗਾਇਕ ਤਾਨਸੇਨ ਦੇ ਗੁਰੂ ਹਰਿਦਾਸ ਜੀ ਮਰਦਾਨਾ ਜੀ ਦੇ ਸ਼ਾਗਿਰਦ ਸਨ। ਦਰਅਸਲ ਉਦੋਂ ਆਮ ਹੀ ਮੰਨਿਆ ਜਾਂਦਾ ਸੀ ਕਿ ਮਿਰਾਸੀ ਜਨਮ ਤੋਂ ਹੀ ਗਾਇਕ ਹੁੰਦਾ ਹੈ ਪਰੰਤੂ ਸੰਗੀਤਕਾਰ ਬਣਨ ਲਈ ਸ਼ਾਸ਼ਤਰੀ ਸੰਗੀਤ ਜਾਂ ਉਚੇਰਾ ਹੁਨਰ ਪ੍ਰਾਪਤ ਕਰਨ ਲਈ ਵਿਦਿਆ ਆਪਣੇ ਬਜ਼ੁਰਗਾਂ ਜਾਂ ਉਸਤਾਦ ਘਰਾਣਿਆਂ ਤੋਂ ਲੈਣੀ ਹੀ ਪੈਂਦੀ ਸੀ।

ਭਾਈ ਮਰਦਾਨਾ ਜੀ ਦੀ ਪਤਨੀ ਦਾ ਕੀ ਨਾਮ ਸੀ ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ ਇਸ ਬਾਰੇ ਜ਼ਰੂਰ ਜ਼ਿਕਰ ਆਉਂਦਾ ਹੈ ਕਿ ਉਹ ਵਿਆਹੇ ਹੋਏ ਸਨ ਤੇ ਉਨ੍ਹਾਂ ਦੇ ਤਿੰਨ ਬੱਚੇ ਸਨ। ਦੋ ਪੁੱਤਰ ਸ਼ਹਿਜ਼ਾਦਾ ਅਤੇ ਰਜਾਦਾ ਅਤੇ ਇਕ ਪੁੱਤਰੀ ਸੀ। ਰਬਾਬੀ ਹੋਣ ਕਰਕੇ ਗੁਰੂ ਨਾਨਕ ਸਾਹਿਬ ਜੀ ਦੇ ਵਿਆਹ ਤੇ ਮਰਦਾਨੇ ਨੇ ਆਪਣੇ ਗਾਇਨ ਨਾਲ ਬੜਾ ਰੰਗ ਲਾਇਆ। ਇਸ ਵਿਆਹ ਦੇ ਮੌਕੇ ਤੇ ਹੀ ਗੁਰੂ ਸਾਹਿਬ ਨੇ ਉਸਨੂੰ ਇਕ ਨਵੀਂ ਰਬਾਬ ਲੈ ਕੇ ਦਿਤੀ ਸੀ । ਰਬਾਬ ਅਰਬੀ ਸ਼ਬਦ ਹੈ। ਇਹ ਅਰਬ ਤੇ ਈਰਾਨ ਦੇ ਸੂਫੀ ਫਕੀਰਾਂ ਦੀ ਸਾਂਝੀ ਉਪਜ ਦਾ ਫਲ ਹੈ। ਭਾਈ ਕਾਨ੍ਹ ਸਿੰਘ ਅਨੁਸਾਰ ਰਬਾਬ ਦਾ ਅਸਲ ਨਾਮ ਰਾਵਣ ਵੀਣਾ ਹੈ। ਰਬਾਬ ਮਿਰਾਸੀਆਂ ਦਾ ਪੁਰਾਣਾ ਸੰਗੀਤਕ ਸਾਜ਼ ਹੈ।

ਖੋਜਕਾਰਾ ਨੇ ਰਬਾਬ ਬਾਰੇ ਲਿਖਿਆ ਹੈ ਕਿ ਰਬਾਬ ਤੰਤੀ ਸਾਜ਼ ਹੈ। ਇਸਦੇ ਦੋ ਪ੍ਰਕਾਰ ਹੁੰਦੇ ਹਨ। ਨਿਬੱਧ ਅਤੇ ਅਨਿਬੱਧ। ਨਿਬੱਧ ਰਬਾਬ ਵਿਚ ਸੁਰਾਂ ਚਿੰਨ੍ਹਾਂ ਦੇ ਪਰਦੇ ਤੰਦਾਂ ਨਾਲ ਬੱਝੇ ਹੁੰਦੇ ਹਨ। ਅਨਿਬੱਧ ਰਬਾਬ ਵਿਚ ਸੁਰਾਂ ਦੇ ਪਰਦੇ ਬੱਝੇ ਨਹੀਂ ਹੁੰਦੇ। ਰਬਾਬ ਵਜਾਉਣ ਲਈ ਆਮ ਤੌਰ ਤੇ ਲਕੜੀ ਜਾਂ ਹਾਥੀ ਦੰਦ ਦਾ ਤਿਕੋਣਾ ਟੁਕੜਾ ਵਰਤਿਆ ਜਾਂਦਾ ਹੈ। ਇਸ ਨੂੰ ਜਵਾਂ, ਜ਼ਰਬ ਤੇ ਮਿਜ਼ਰਾਬ ਵੀ ਕਹਿੰਦੇ ਹਨ। ਇਸ ਨੂੰ ਵਜਾਉਣ ਲਈ ਸੱਜੇ ਹੱਥ ਦੇ ਅੰਗੂਠੇ ਤੇ ਪਹਿਲੀ ਤੇ ਦੂਜੀ ਉਂਗਲੀ ਨਾਲ ਫੜਕੇ ਤਾਰਾਂ ਉੱਤੇ ਟੁਣਕਰ ਕੀਤਾ ਜਾਂਦਾ ਹੈ ਤੇ ਖੱਬੇ ਹੱਥ ਦੀਆਂ ਉਂਗਲੀਆਂ ਨਾਲ ਤਾਰ ਨੂੰ ਡਾਂਡ ਉੱਤੇ ਦਬਾਕੇ ਸੁਰਾਂ ਨੂੰ ਪੈਦਾ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਰਬਾਬ ਦੀ ਉਦਾਹਰਨ ਛੇ ਵਾਰ ਹੋਈ ਮਿਲਦੀ ਹੈ।

ਭਾਈ ਮਨੀ ਸਿੰਘ ਜੀ ਨੇ ਭਾਈ ਮਰਦਾਨਾ ਜੀ ਦਾ ਗੁਰੂ ਪਾਤਸ਼ਾਹ ਨਾਲ ਪਹਿਲਾ ਮੇਲ ਲਗਭਗ ਸੰਨ 1480

ਵਿਚ ਹੋਇਆ ਦੱਸਿਆ ਹੈ। ਉਸ ਸਮੇਂ ਗੁਰੂ ਨਾਨਕ ਸਾਹਿਬ ਜੀ ਦੀ ਉਮਰ ਗਿਆਰਾਂ ਸਾਲ ਦੀ ਸੀ ਤੇ ਭਾਈ ਮਰਦਾਨਾ ਜੀ ਇੱਕੀ ਸਾਲ ਦੇ ਸਨ। ਗੁਰੂ ਪਾਤਸ਼ਾਹ ਤੇ ਭਾਈ ਮਰਦਾਨੇ ਦਾ ਮੇਲ ਤਲਵੰਡੀ ਵਿਚ ਹੀ ਹੋਇਆ। ਭਾਈ ਮਰਦਾਨਾ ਵੀ ਰਾਇ ਭੋਇ ਦੀ ਤਲਵੰਡੀ ਦਾ ਜੰਮਪਲ ਸੀ।

ਤਲਵੰਡੀ ਦੀ ਹੀ ਸਾਖੀ ਹੈ ਕਿ ਇਕ ਵਾਰ ਗੁਰੂ ਨਾਨਕ ਜੀ ਇਕ ਰੁੱਖ ਹੇਠਾਂ ਆਰਾਮ ਕਰਦੇ ਪਏ ਸਨ ਕਿ ਉਧਰੋਂ ਕਿਸੇ ਪਾਸਿਉਂ ਰਬਾਬ ਵਜਾਉਣ ਦੀ ਆਵਾਜ਼ ਉਨ੍ਹਾਂ ਦੇ ਕੰਨ ਵਿਚ ਪਈ। ਉਹ ਉੱਠ ਕੇ ਰਬਾਬ ਵਜਾਉਣ ਵਾਲੇ ਕੋਲ ਗਏ ਤੇ ਪੁੱਛਿਆ,"ਭਾਈ, ਤੇਰਾ ਨਾਉਂ ਕਿਆ ਹੈ ? ਤਾਂ ਉਸ ਨੇ ਕਿਹਾ, "ਜੀ ਮੇਰਾ ਨਾਉਂ 'ਦਾਨਾ, ਮਰਾਸੀ ਲੋਕੀ ਕਹਿੰਦੇ ਹਨ। ਗੁਰੂ ਨਾਨਕ ਜੀ ਨੇ ਇਹ ਸੁਣ ਕੇ ਕਿਹਾ : "ਤੂੰ ਰਬਾਬ ਭਲਾ ਵਜਾਉਂਦਾ ਹੈਂ ਤੇ ਤੈਨੂੰ ਰਾਗਾਂ ਦੀ ਵੀ ਸੋਝੀ ਹੈ, ਪਰ ਜੇ ਤੂੰ ਸਾਡੀ ਸੰਗਤ ਕਰੇ ਤੇ ਇਹ ਰਾਗ ਸ਼ਬਦ ਪਾ ਕੇ ਗਾਵੇ ਤਾਂ ਤੇਰਾ ਦੀਨ ਦੁਨੀ ਵਿਚ ਉਧਾਰ ਹੋਵੇਗਾ। ਦਾਨਾ ਜੀ ਨੇ ਕਿਹਾ ਅਸੀਂ ਤਾਂ ਧਨੀ ਲੋਕਾਂ ਨੂੰ ਰਾਗ ਸੁਣਾ ਕੇ ਚਾਰ ਪੈਸੇ ਲਿਆਉਂਦੇ ਹਾਂ। ਜੇ ਤੇਰੇ ਨਾਲ ਲੱਗਾਂਗੇ, ਤਾਂ ਪਰਿਵਾਰ ਵਾਲੇ ਸਭ ਭੁੱਖ ਨਾਲ ਮਰ ਜਾਣਗੇ ਤੇ ਭੁੱਖਿਆਂ ਤੋਂ ਨਿਮਾਜ਼ ਵੀ ਨਹੀਂ ਹੋਣਾ। ਇਹ ਸੁਣ ਕੇ ਸਾਹਿਬ ਬਚਨ ਕੀਤਾ, 'ਦਾਨਿਆ, ਤੂੰ ਦਿਵਾਨਾ ਹੋਇਆ ਹੈ, ਸਭ ਦੀ ਪਾਲਣਾ ਈਸ਼ਵਰ ਕਰਦਾ ਹੈ। ਨਮਾਜ਼ ਤੇ ਰੋਜ਼ਾ ਖ਼ੁਦਾ ਦੇ ਘਰੋਂ ਬਖਸ਼ਿਸ਼ ਹੈ। ਜਦੋਂ ਲੇਖਾ ਹੋਇਆ ਤਾਂ ਹਾਮੀ ਕਿਸੇ ਨਹੀਂ ਭਰਨੀ। ਫਿਰ ਗੁਰੂ ਨਾਨਕ ਜੀ ਨੇ ਸਮਝਾਉਂਦੇ ਹੋਏ ਕਿਹਾ : ਦਾਨਿਆਂ, ਜੇ ਹੁਣ ਤੂੰ ਮਰਦਾਨਾ (ਸੂਰਮਾ) ਹੋਵੇ, ਸ਼ਬਦ ਪਾ ਕੇ ਰਾਗ ਨੂੰ ਗਾਵੇਂ ਤਾਂ ਤੇਰਾ ਦੋਹਾਂ ਲੋਕਾਂ ਦਾ ਕਾਰਜ ਹੋਵਗਾ। ਦਾਨਾ, ਮਰਦਾਨਾ ਬਣ ਕੇ ਧਰਤੀ ਦੇ ਲੋਕਾਂ ਨੂੰ ਸੋਧਣ ਲਈ ਗੁਰੂ ਨਾਨਕ ਜੀ ਨਾਲ ਤਿਆਰ ਹੋਇਆ। ਕੀਰਤਨ ਨੇ ਜਨਮ ਲਿਆ । ਬਾਬੇ ਦੇ ਸ਼ਬਦ ਤੇ ਮਰਦਾਨੇ ਦੀ ਰਬਾਬ ਨੇ ਅਜਿਹੀ ਕਰਾਮਾਤ ਕੀਤੀ ਜਿਸ ਦਾ ਸਾਨੀ ਸੰਸਾਰ ਵਿਚ ਕੋਈ ਨਹੀ। ਭਾਈ ਮਰਦਾਨਾ ਜੀ ਨੇ ਪੁੱਛਿਆ ਵੀ, 'ਬਾਬਾ ਇਹ ਜੋ ਕੀਰਤਨ ਅਸੀਂ ਗਾਉਂਦੇ ਹਾਂ, ਕੀ ਇਹੀ ਸ਼ਬਦ ਹੈ? ਇਸ ਸ਼ਬਦ ਨਾਲ ਹੀ ਮੁਕਤੀ ਹੋਵੇਗੀ ? ਗੁਰੂ ਨਾਨਕ ਜੀ ਨੇ ਕਿਹਾ ' ਇਹੀ ਸ਼ਬਦ ਕੀਰਤ ਹੈ। ਜੇ ਕੋਈ ਸੁਰਤਿ ਨਾਲ ਸਮਝੇ ਤਾਂ ਉਹ ਮੁਕਤ ਹੋ ਸਕਦਾ ਹੈ। ਸਾਖੀਆਂ ਵਿਚ ਕਈ ਰੌਚਿਕ ਦ੍ਰਿਸ਼ ਹਨ।

ਭਾਈ ਮਰਦਾਨਾ ਉਹ ਪਹਿਲਾ ਸ੍ਰੋਤਾ ਹੈ ਜਿਸਨੇ ਬਾਬਾ ਨਾਨਕ ਦੇ ਮੁਖੋਂ ਉਚਾਰਿਤ ਬਾਣੀ ਸੁਣੀ। ਜਦੋਂ ਗੁਰੂ ਨਾਨਕ ਸਾਹਿਬ ਜੀ ਭਾਈ ਮਰਦਾਨਾ ਜੀ ਨੂੰ ਕਹਿੰਦੇ ਸਨ।

" ਮਰਦਾਨਿਆਂ ਰਬਾਬ ਵਜਾਇ ਬਾਣੀ ਆਈ ਏ" ਇਹ ਸਿਰਜਣਾ ਦੇ ਪਲ ਹੁੰਦੇ ਸਨ।

ਪ੍ਰਥਮ ਸ੍ਰੋਤਾ, ਪ੍ਰਥਮ ਵਾਦਕ ਤੇ ਪ੍ਰਥਮ ਗਵਈਆ ਹੋਣ ਦਾ ਮਾਨ ਕੇਵਲ ਮਰਦਾਨਾ ਜੀ ਨੂੰ ਪ੍ਰਾਪਤ ਹੋਇਆ। ਗੁਰਮਤਿ ਸੰਗੀਤ ਦੀਆਂ ਬਰੀਕੀਆਂ, ਸੂਖਮ ਤਰੰਗਾਂ ਦਾ ਸੁਮੇਲ ਸੰਗੀਤ ਤੇ ਬਾਣੀ ਦੀ ਇਕਸੁਰਤਾ ਦੀ ਸਿਖਲਾਈ ਪ੍ਰਾਪਤ ਕਰਨ ਦਾ ਪਹਿਲਾ ਅਵਸਰ ਭਾਈ ਮਰਦਾਨਾ ਜੀ ਨੂੰ ਮਿਲਿਆ।ਗੁਰੂ ਸਾਹਿਬ ਕਰਤਾਰੀ ਸਮਰੱਥਾ ਤੇ ਕਾਢਾਂ ਦੇ ਸੁਆਮੀ ਸਨ ਤੇ ਭਾਈ ਮਰਦਾਨਾ ਜੀ ਸਿੱਖਣਹਾਰ ਸੀ।

ਲੋਕ-ਸ਼ੈਲੀਆਂ ਦੀ ਵਿਸ਼ੇਸ਼ ਧੁਨ ਤੇ ਗਾਇਨ ਦਾ ਤਰੀਕਾ ਤੇ ਰਾਗ ਨਾਲ ਮਿਲ ਕੇ ਗਾਉਣ ਦਾ ਚੱਜ ਭਾਈ ਮਰਦਾਨਾ ਜੀ ਨੇ ਗੁਰੂ ਜੀ ਤੋਂ ਸਿੱਖਿਆ। ਪਹਿਰੇ, ਥਿਤੀ ਤੇ ਬਾਰਾਂਮਾਹ ਤਿੰਨੇ ਰੂਪ ਕਾਲ-ਚੇਤਨਾ ਨਾਲ ਓਤਪ੍ਰੋਤ ਹਨ। ਤਿੰਨਾਂ ਦੀ ਗਾਇਨ ਸ਼ੈਲੀ ਆਪਣੀ ਹੀ ਹੈ।ਇਸੇ ਤਰ੍ਹਾਂ ਛੰਤ, ਸੋਹਿਲਾ, ਅਲਾਹੁਣੀਆਂ, ਕੁਚਜੀ, ਸੁਚਜੀ ਨੂੰ ਵਿਸ਼ੇਸ਼ ਰਾਗ-ਬੰਦਿਸ਼ ਨਾਲ ਮਿਲਾਕੇ ਵਿਧੀ ਵੀ ਕੇਵਲ ਗੁਰੂ ਨਾਨਕ ਸਾਹਿਬ ਜੀ ਹੀ ਸਿਖਾ ਸਕਦੇ ਸਨ।

ਦਰਅਸਲ ਭਾਈ ਮਰਦਾਨਾ ਜੀ ਰਾਗਾਂ ਦਾ ਪਾਰੰਗਤ ਕਲਾਕਾਰ ਸੀ। ਗੁਰੂ ਨਾਨਕ ਸਾਹਿਬ ਜੀ ਭਾਈ ਮਰਦਾਨਾ ਦੀ ਕਲਾਕਾਰੀ ਤੇ ਬੜਾ ਰੀਝਦੇ। ਜਦੋਂ ਭਾਈ ਜੀ ਰਾਗ ਤੇ ਬਾਦੀ ਦਾ ਸੁਮੇਲ ਕਰਕੇ ਸੰਗੀਤਕ ਟੁੰਬ ਦੇਂਦਾ ਤਾਂ ਹਿਰਦੇ ਪ੍ਰਫੁੱਲਤ ਹੋ ਵਿਸਮਾਦੀ ਰੰਗ ਵਿਚ ਰੰਗੇ ਜਾਂਦੇ ਸਨ। ਹਰ ਪਾਸੇ ਮਸਤੀ ਛਾ ਜਾਇਆ ਕਰਦੀ। ਰਾਗ, ਰਾਗਾਂ ਦੀਆਂ ਕਿਸਮਾਂ, ਰਹਾਉ, ਘਰ, ਲੋਕ ਗਾਇਨ ਸ਼ੈਲੀਆਂ ਨੂੰ ਰਾਗ ਵਿਸ਼ੇਸ਼ ਦੇ ਅਧੀਨ ਰੱਖਕੇ ਕਿਵੇਂ ਗਾਇਆ ਜਾਣਾ ਚਾਹੀਦਾ ਹੈ? ਗੁਰੂ ਬਾਬੇ ਨਾਨਕ ਨੇ ਭਾਈ ਮਰਦਾਨਾ ਜੀ ਨੂੰ ਸੁਸਿਖਿਅਤ ਕਲਾਕਾਰ ਦੇ ਰੂਪ ਵਿਚ ਉਭਾਰਿਆ।

ਭਾਈ ਮਰਦਾਨਾ ਅਤੇ ਗੁਰੂ ਨਾਨਕ ਸਾਹਿਬ ਜੀ ਦੀਆਂ ਗੋਸ਼ਟਾਂ 'ਸਾਖੀਆਂ' ਵਿਚ ਆਉਂਦੀਆਂ ਹਨ। ਇਹ ਗੋਸ਼ਟਾਂ ਪ੍ਰਮਾਰਥ ਦਾ ਖਜ਼ਾਨਾ ਹਨ। ਗੁਰੂ ਦਾ ਹੁਕਮ ਮੰਨਣ ਲਈ ਭਾਈ ਜੀ ਹਮੇਸ਼ਾ ਤਿਆਰ ਰਹਿੰਦੇ ਸਨ। ਜੋ ਗੁਰੂ

ਨਾਨਕ ਜੀ ਕਹਿੰਦੇ ਮਰਦਾਨਾ ਓਹੀ ਕਰਦਾ।

ਜਦੋਂ ਗੁਰੂ ਸਾਹਿਬ ਜਬਲਪੁਰ ਵੱਲ ਨੂੰ ਤੁਰੇ ਤਾਂ ਪੱਚੀ ਤੀਹ ਮੀਲ ਦੇ ਫਾਸਲੇ ਤੇ ਇਕ ਅਜਿਹਾ ਭਿਆਨਕ ਜੰਗਲ ਆਇਆ ਜਿਸ ਵਿਚ ਕਈ ਆਦਮ ਖੋਰ (ਜੰਗਲੀ) ਮਨੁੱਖ ਰਹਿੰਦੇ ਸਨ, ਥੋੜ੍ਹੀ ਦੂਰ ਅੱਗੇ ਇਕ ਝੀਲ ਸੀ। ਜਿਸ ਦੇ ਕਿਨਾਰੇ ਗੁਰੂ ਸਾਹਿਬ ਜੀ ਆਸਣ ਲਾ ਕੇ ਟਿੱਕ ਗਏ। ਭਾਈ ਮਰਦਾਨਾ ਜੀ ਨੇ ਭੁੱਖ ਦੀ ਨਵਿਰਤੀ ਦੇ ਲਈ ਆਗਿਆ ਲਈ ਤੇ ਲਾਗੇ ਚਾਗੇ ਕਿਸੇ ਫਲ ਦੀ ਭਾਲ ਵਿਚ ਤੁਰ ਪਿਆ। ਅੱਗੋਂ ਕਈ ਕੇਲਿਆਂ ਦੇ ਬੂਟੇ ਵੀ ਉਸਨੂੰ ਦਿਖਾਈ ਦਿੱਤੇ। ਜਿਨ੍ਹਾਂ ਦੇ ਪੱਕੇ ਹੋਏ ਵੱਡੇ ਵੱਡੇ ਗੁੱਛੇ ਲਟਕ ਰਹੇ ਸਨ। ਭਾਈ ਮਰਦਾਨਾ ਜੀ ਨੇ ਅਜੇ ਇਕ ਗੁੱਛੇ ਨੂੰ ਹੱਥ ਪਾਇਆ ਹੀ ਸੀ ਕਿ ਪਿੱਠ ਵੱਲੋਂ ਕਿਸੇ ਨੇ ਹੱਥ ਮਾਰ ਕੇ ਉਸਨੂੰ ਆ ਦਬੋਚਿਆ ਅਤੇ ਤੇਲ ਦੇ ਤਪੇ ਕੜ੍ਹਾਹੇ ਕੋਲ ਲੈ ਗਿਆ। ਭਾਈ ਮਰਦਾਨਾ ਜੀ ਦੀ ਦੇਰੀ ਤੇ ਗੁਰੂ ਸਾਹਿਬ ਕਾਹਲੀ ਨਾਲ ਉੱਠੇ ਤੇ ਕੌਡੇ ਕੋਲ ਪਹੁੰਚ ਗਏ। ਕੌਡੇ ਨੇ ਮਨ ਹੀ ਮਨ ਇੱਕ ਹੋਰ ਸਿਕਾਰ ਹੱਥ ਲੱਗਣ ਦੀ ਖੁਸ਼ੀ ਮਨਾਈ। ਜਦ ਉਹ ਭਾਈ ਮਰਦਾਨਾ ਨੂੰ ਕੜਾਹੇ 'ਚ ਸੁੱਟਣ ਲੱਗਿਆ ਤਾਂ ਕਰੜੇ ਪੰਜਿਆਂ ਵਿਚ ਜਕੜੇ ਹੋਏ ਭਾਈ ਮਰਦਾਨਾ ਨੇ ਗੁਰੂ ਨਾਨਕ ਜੀ ਦੇ ਨਾਮ ਦੀ ਰਟ ਲਗਾਉਂਦਿਆਂ ਤਰਲੇ ਭਰੀ ਪੁਕਾਰ ਕੀਤੀ । ਗੁਰੂ ਜੀ ਨੇ ਸ਼ਬਦ ਉਚਾਰਨ ਕੀਤਾ। ਜਿੰਨੀ ਦੇਰ ਤਕ ਸ਼ਬਦ ਦੀ ਆਵਾਜ਼ ਕੌਡੇ ਦੇ ਕੰਨੀ ਪੈਂਦੀ ਰਹੀ ਤਾਂ ਉਹ ਬੁੱਤ ਬਣ ਕੇ ਸੁਣਦਾ ਰਿਹਾ। ਸ਼ਬਦ ਪੂਰਾ ਹੋ ਜਾਣ ਦੇ ਤੇ ਮਹਾਰਾਜ ਨੇ ਕਿਹਾ " ਮਰਦਾਨਿਆਂ । ਨਿਡਰ ਹੋ ਜਾਹ ਤੇ ਸਤਿ ਕਰਤਾਰ ਆਖ ਕੇ ਕੜ੍ਹਾਹੇ ਨੂੰ ਹੱਥ ਪਾ ਦੇਹ। ਹੁਕਮ ਮੰਨ ਕੇ ਜਦੋਂ ਮਰਦਾਨੇ ਹੱਥ ਪਾਇਆ ਤਾਂ ਗਰਮ ਤੇਲ ਪਾਣੀ ਵਾਂਗ ਠੰਡਾ ਹੋ ਗਿਆ। ਕੌਡੇ ਦਾ ਰਾਕਸ਼ਾ ਵਾਲਾ ਵਰਤਾਉ ਦੂਰ ਕਰਕੇ ਗਰੂ ਜੀ ਨੇ ਸਾਊ ਮਨੁੱਖ ਬਣਨ ਦੀ ਸਿਖਿਆ ਦਿੱਤੀ। ਹਰ ਜਗ੍ਹਾ ਤੇ ਇਹੀ ਜ਼ਿਕਰ ਆਉਂਦਾ ਹੈ ਕਿ ਰਬਾਬ ਤੇ ਸ਼ਬਦਾਂ ਦੀ ਅਵਾਜ਼ ਸੁਣ ਕੇ ਲੋਕੀਂ ਬਾਬੇ ਵੱਲ ਖਿੱਚੇ ਆਉਂਦੇ ਸਨ।ਮੱਕਾ, ਮਦੀਨਾ, ਬਗਦਾਦ ਹੋਰ ਇਸਲਾਮ ਦੇਸ਼ਾਂ ਵਿਚ ਰਬਾਬ ਨਾਲ ਕੀਰਤਨ ਕਰਕੇ, ਨਾ ਸਿਰਫ ਸਭ ਨੂੰ ਹੈਰਾਨ ਕੀਤਾ ਸਗੋਂ ਜੁਰਅੱਤ ਦੀ ਹੱਦ ਦੱਸੀ। ਇਸਲਾਮ ਮੁਲਕਾਂ ਵਿਚ ਮਰਦਾਨਾ ਜੀ ਨੇ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ' ਗਾਏ। ਹੀਰੇ, ਰਤਨ ਜਵਾਹਰਾਂ ਵੱਲ ਕਦੇ ਮੂੰਹ ਨਾ ਕੀਤਾ। ਗੁਰੂ ਬਾਬਾ ਤੇ ਭਾਈ ਮਰਦਾਨਾ ਜੀ ਨੇ ਅਤੀ ਦੁਸ਼ਟਿ ਮਨੁੱਖਾਂ ਕੋਲ ਜਾ ਕੇ ਉਨ੍ਹਾਂ ਨੂੰ ਸੱਚ ਦਾ ਰਾਹ ਦਿਖਾਇਆ। ਗੁਰੂ ਬਾਬਾ ਜੀ ਮਨੁੱਖਤਾ ਨੂੰ ਸਮਝਾਉਣ ਲਈ ਧੁਰ ਦੀ ਬਾਣੀ ਦਾ ਉਚਾਰਨ ਕਰਦੇ, ਭਾਈ ਮਰਦਾਨੇ ਨੂੰ ਕਿਹਾ ਕਰਦੇ "ਮਰਦਾਨਿਆਂ ! ਰਬਾਬ ਵਜਾਏ ਬਾਣੀ ਆਈ ਐ।"

ਗੁਰੂ ਜੀ ਨੇ ਭਾਈ ਮਰਦਾਨਾ ਜੀ ਦਾ ਅੰਤਲਾ ਸਮਾਂ ਨੇੜੇ ਆ ਜਾਣ ਕਰਕੇ ਕਿਹਾ " ਮਰਦਾਨਿਆਂ! ਜੇ ਚਾਹੇਂ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗ ਦਰਿਆ ਵਿਚ ਸੁੱਟ ਦਈਏ। ਮਰਦਾਨਿਆਂ ਜੇ ਤੇਰੀ ਇੱਛਾ ਹੋਵੇ ਤਾਂ ਖੱਤਰੀ ਵਾਂਗ ਸਾੜ ਦਈਏ, ਜਾਂ ਵੈਸ਼ ਵਾਗੂੰ 'ਹਵਾ' 'ਚ ਸੁਟਵਾ ਦਈਏ, ਜੇ ਤੇਰਾ ਚਿਤ ਹੋਵੇ ਤਾਂ ਸ਼ੂਦਰ ਵਾਂਗ ਦਬਵਾ ਦੇਈਏ।"

ਮਰਦਾਨਾ ਜੀ ਨੇ ਉੱਤਰ ਦਿੰਦੇ ਕਿਹਾ, "ਵਾਹ, ਬਾਬਾ ਵਾਹ! ਅਜੇ ਵੀ ਸਰੀਰਾਂ ਦੇ ਚੱਕਰਾਂ ਵਿਚ । ਤੁਹਾਡੇ ਉਪਦੇਸ਼ ਕਰ ਤਾਂ ਦੇਹੀ ਦਾ ਖਿਆਲ ਹੀ ਮੁਕ ਗਿਆ ਹੈ। ਮੈਂ ਤਾਂ ਆਪਣੀ ਆਤਮਾ ਨੂੰ ਕੇਵਲ ਸਰੀਰ ਦਾ ਸਾਥੀ ਸਮਝਦਾ ਹਾਂ।" ਫਿਰ ਗੁਰੂ ਬਾਬੇ ਕਿਹਾ "ਮਰਦਾਨਿਆਂ ! ਮੇਰਾ ਚਿੱਤ ਕਰਦਾ ਹੈ ਕਿ ਤੇਰੀ ਸਮਾਧ ਬਣਾ ਕੇ ਤੈਨੂੰ ਜਗਤ ਵਿਚ ਪ੍ਰਸਿੱਧ ਕਰ ਦਈਏ।"

ਮਰਦਾਨਾ ਜੀ ਨੇ ਗੰਭੀਰ ਹੋ ਕਿਹਾ "ਬਾਬਾ ਬੜੀ ਮੁਸ਼ਕਿਲ ਨਾਲ ਤਾਂ ਸਰੀਰ ਰੂਪੀ ਸਮਾਧ ਵਿਚੋਂ ਨਿਕਲਣ ਲੱਗੇ ਹਾਂ ਇਸ ਨੂੰ ਫਿਰ ਪੱਥਰ ਦੀ ਸਮਾਧ ਵਿਚ ਕਿਉਂ ਪਾਉਂਦੇ ਹੋ।"

ਗੁਰੂ ਬਾਬੇ ਨੇ ਅਗਾਂਹ ਵਧ ਕੇ ਮਰਦਾਨੇ ਨੂੰ ਛਾਤੀ ਨਾਲ ਲਗਾਇਆ ਤੇ ਕਿਹਾ "ਤੂੰ ਬ੍ਰਹਮ ਨੂੰ ਪਛਾਣ ਲਿਆ ਹੈ, ਮਰਦਾਨਿਆ ।"

ਗੁਰੂ ਜੀ ਦਾ ਨੀਵੀਂ ਜਾਤ ਦੇ ਇਕ ਡੂਮ ਨੂੰ ਆਪਣਾ ਸਾਥੀ ਬਣਾਉਣਾ ਉੱਚੀਆਂ ਜਾਤਾਂ ਦੇ ਅਭਿਮਾਨੀਆਂ ਉੱਤੇ ਇਕ ਤਗੜੀ ਚੋਟ ਸੀ। ਗੁਰੂ ਬਾਬੇ ਨੇ ਨੀਵਿਆਂ ਨੂੰ ਰੱਜ ਦੇ ਪਿਆਰ ਕੀਤਾ ਤੇ ਉੱਚਾ ਚੁੱ ਕੇ "ਮਰਦਾਨਾ" ਬਣਾਇਆ। ਸਿੱਖੀ ਰਬਾਬ ਤੋਂ ਸ਼ੁਰੂ ਹੋ ਕੇ ਨਗਾਰੇ ਤੇ ਜਾ ਦੇ ਸੰਪੂਰਨ ਹੋਈ।

ਗੁਰਮਤਿ ਕਾਲਜ, ਪਟਿਆਲਾ
ਸੰਪਰਕ 999147-22933

## ਰਾਗੁ ਦਰਬਾਰੀ ਕਾਨੜਾ (ਸਰਦਾਰ ਹਰਭਜਨ ਸਿੰਘ ਚੋਪੜਾ)

**ਥਾਟ :** ਆਸਾਵਰੀ ॥ **ਜਾਤੀ** : ਸੰਪੂਰਣ–ਛਾਡਵ॥
**ਵਰਜਿਤ ਸਵਰ :** ਅਵਰੋਹ ਵਿਚ **'ਧ'** ॥
**ਸਮਾਂ :** ਅੱਧੀ ਰਾਤ ॥
**ਵਾਦੀ ਸਵਰ** : ਰ ॥ **ਸੰਵਾਦੀ ਸਵਰ** : ਪ ॥
**ਆਰੋਹ :** ਨ਼ੁ ਸ, ਰ ਗੁ, ਰ ਸ, ਮ ਪ, ਧੁ, ਨੁ ਸੰ॥
**ਅਵਰੋਹ :** ਸੰ ਧੁ ਨੁ ਪ, ਮ ਪ, ਗੁ, ਮ ਰ, ਸ ॥
**ਪਕੜ :** ਗੁ ਰ ਰ ਸ, ਧ਼ੁ ਨ਼ੁ ਸ, ਰ ਸ ॥

## ਰਾਗੁ ਦਰਬਾਰੀ ਕਾਨੜਾ (ਝੱਪ ਤਾਲ)

| x | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| | | | | **ਅਸਥਾਈ** | | | | | |
| **ਰ** | **ਪ** | **ਗੁ** | – | **ਮ** | **ਰ** | **ਰ** | **ਸ** | – | – |
| ਕੀ | .. | ਰ | .. | ਤਿ | ਪ੍ਰ | ਭ | ਕੀ | .. | .. |
| **ਧ਼ੁ** | **ਧ਼ੁ** | **ਨ਼ੁ** | – | **ਰ** | **ਰ** | **ਸ** | **ਸ** | – | – |
| ਗਾ | ਉ | ਮੇ | .. | ਰੀ | ਰ | ਸ | ਨਾ | .. | .. |
| **ਨ਼ੁ** | – | **ਸ** | – | **ਨ਼ੁ** | **ਰ** | **ਰ** | **ਸ** | – | **ਰ** |
| ਅ | .. | ਨਿ | .. | ਕ | ਬਾ | ..ਰ | ਕ | .. | ਰਿ |
| **ਗੁ** | – | **ਗੁ** | – | **ਗੁਮ** | **ਰ** | – | **ਸ** | – | **ਸ** |
| ਬੰ | .. | ਦ | .. | ਨ.. | ਸੰ | .. | ਤ | .. | ਨ |
| **ਮ** | **ਪ** | **ਨੁ** | – | **ਪ** | **ਸੰ** | **ਸੰ** | **ਨੁ** | **ਪ** | **ਪ** |
| ਊ | .. | ਹਾਂ | .. | ਚ | ਰ | ਨ | ਗੋ | .. | .. |
| **ਗੁ** | **ਗੁ** | **ਗੁ** | – | **ਗੁਮ** | **ਰ** | **ਰ** | **ਸ** | – | **ਸ** |
| ਬਿੰ | ਦ | ਜੀ | .. | ਕੇ.. | ਬ | ਸ | ਨਾ | .. | .. |
| | | | | **ਅੰਤਰਾ** | | | | | |
| **ਮ** | **ਮ** | **ਪ** | – | **ਪ** | **ਧੁ** | **ਧੁ** | **ਨੁ** | – | **ਨੁ** |
| ਅ | ਨਿ | ਕ | .. | ਭਾਂ | .. | ਤਿ | ਕ | .. | ਰਿ |
| **ਸੰ** | – | **ਸੰ** | – | **ਸੰ** | **ਰੰ** | **ਨੁ** | **ਸੰ** | – | – |
| ਦੂਆ | .. | ਰੂ | .. | ਨ | ਪਾ | .. | ਵਉ | .. | .. |
| **ਨੁ** | **ਰੰ** | **ਰੰ** | – | **ਰੰ** | **ਰੰ** | **ਸੰ** | **ਸੰ** | – | **ਸੰ** |
| ਹੋ | .. | ਇ | .. | ਕ੍ਰਿ | ਪਾ | .. | ਲ | .. | ਤ |
| **ਰੰ** | **ਨੁ** | **ਰੰ** | **ਸੰ** | **ਸੰ** | **ਧੁ** | **ਨੁ** | **ਪ** | – | – |
| ਹ | ਰਿ | ਹ | .. | ਰਿ | ਧਿਆ | .. | ਵਉ | .. | .. |
| **ਮ** | **ਪ** | **ਨੁ** | – | **ਪ** | **ਸੰ** | – | **ਨੁ** | **ਪ** | **ਪ** |
| ਹੋ | .. | ਇ | .. | ਕ੍ਰਿ | ਪਾ | .. | ਲ | .. | ਤ |
| **ਗੁ** | **ਗੁ** | **ਗੁ** | – | **ਗੁਮ** | **ਰ** | – | **ਸ** | – | – |
| ਹ | ਰਿ | ਹ | .. | ਰਿ.. | ਧਿਆ | .. | ਵਉ | .. | .. |

# ਸੁਰਲਿਪੀ ਵਾਲਾ ਸ਼ਬਦ ਅਤੇ ਅਰਥ

ਕਾਨੜਾ ਮਹਲਾ ੫ ॥
kaanarraa mehalaa 5 ||
Kaanraa, Fifth Mehl:
ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ ॥
keerath prabh kee gaao maeree rasanaa(n) ||
Sing the Praises of God, O my tongue.
ਅਨਿਕ ਬਾਰ ਕਰਿ ਬੰਦਨ ਸੰਤਨ ਊਹਾਂ ਚਰਨ ਗੋਬਿੰਦ ਜੀ ਕੇ ਬਸਨਾ ॥੧॥ ਰਹਾਉ ॥
anik baar kar ba(n)dhan sa(n)than oohaa(n) charan gobi(n)dh jee kae basanaa ||1|| rehaao ||
Humbly bow to the Saints, over and over again; through them, the Feet of the Lord of the Universe shall come to abide within you. ||1||Pause||
ਅਨਿਕ ਭਾਂਤਿ ਕਰਿ ਦੁਆਰੁ ਨ ਪਾਵਉ ॥
anik bhaa(n)th kar dhuaar n paavo ||
The Door to the Lord cannot be found by any other means.
ਹੋਇ ਕ੍ਰਿਪਾਲੁ ਤ ਹਰਿ ਹਰਿ ਧਿਆਵਉ ॥੧॥
hoe kirapaal th har har dhhiaavo ||1||
When He becomes Merciful, we come to meditate on the Lord, Har, Har. ||1||
ਕੋਟਿ ਕਰਮ ਕਰਿ ਦੇਹ ਨ ਸੋਧਾ ॥
kott karam kar dhaeh n sodhhaa ||
The body is not purified by millions of rituals.
ਸਾਧਸੰਗਤਿ ਮਹਿ ਮਨੁ ਪਰਬੋਧਾ ॥੨॥
saadhhasa(n)gath mehi man parabodhhaa ||2||
The mind is awakened and enlightened only in the Saadh Sangat, the Company of the Holy. ||2||
ਤ੍ਰਿਸਨ ਨ ਬੂਝੀ ਬਹੁ ਰੰਗ ਮਾਇਆ ॥
thrisan n boojhee bahu ra(n)g maaeiaa ||
Thirst and desire are not quenched by enjoying the many pleasures of Maya.
ਨਾਮੁ ਲੈਤ ਸਰਬ ਸੁਖ ਪਾਇਆ ॥੩॥
naam laith sarab sukh paaeiaa ||3||
Chanting the Naam, the Name of the Lord, total peace is found. ||3||
ਪਾਰਬ੍ਰਹਮ ਜਬ ਭਏ ਦਇਆਲ ॥
paarabreham jab bheae dhaeiaal ||
When the Supreme Lord God becomes Merciful,
ਕਹੁ ਨਾਨਕ ਤਉ ਛੂਟੇ ਜੰਜਾਲ ॥੪॥੩॥
kahu naanak tho shhoottae ja(n)jaal ||4||3||
says Nanak, then one is rid of worldly entanglements. ||4||3||

ਬਾਣੀ ਗੁਰੂ ਅਰਜਨ ਦੇਵ ਜੀ (ਰਾਗ ਦਰਬਾਰੀ ਕਾਨੜਾ)

RNI Regd. No. 46788/89 ISSN 0972-2335

